# ਅੰਮ੍ਰਿਤ ਕੀਰਤਨ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਦਸੰਬਰ 1998 ❑ ਮੁੱਲ : 10 ਰੁਪਏ

ੴ

# ਅੰਮ੍ਰਿਤ ਕੀਰਤਨ

ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 12 ◆ ਸਾਲ ਦਸਵਾਂ ◆ ਦਸੰਬਰ 1998

ਮਿੱਤਰ ਅਸਾਡੜੇ ਸੇਈ 2
ਕਰਉ ਬੇਨੰਤੀਆ 3
50-ਵੀਂ ਵਰ੍ਹੇ ਗੰਢ ਅਤੇ ਪੰਜਾਬ ਦਾ ਸੰਗੀਤ 4
ਡਾ. ਡੀ. ਐਸ. ਨਰੂਲਾ
ਤਬਲੇ ਦੀ ਪ੍ਰੀਭਾਸ਼ਿਕ ਸ਼ਬਦਾਵਲੀ 7
ਹਰਭਜਨ ਸਿੰਘ ਧਾਰੀਵਾਲ
When There is Little Gain From Scriptural Singing 12
Dr. (Bhai) Harbans Lal
ਪੁਸਤਕ ਸਮੀਖਿਆ 19
ਡਾ. ਗੁਰਮੀਤ ਸਿੰਘ ਬੈਦਵਾਣ
ਸਮਾਚਾਰ 20
ਪ੍ਰੋ. ਜੋਗਿੰਦਰ ਬਾਵਰਾ
ਪਰਮਜੋਤ ਸਿੰਘ
ਬਾਬਾਣੀਆਂ ਕਹਾਣੀਆਂ (ਚਾਰ ਸਾਹਿਬਜ਼ਾਦੇ) 21
ਪ੍ਰੋ. ਕਰਤਾਰ ਸਿੰਘ
ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 23
ਮਨਮੋਹਨ ਸਿੰਘ
ਸੁਰ ਲਿਪੀਆਂ 26
ਡਾ. ਗੁਰਨਾਮ ਸਿੰਘ
ਗੁਰਮੁਖ ਢੂਂਢ ਢੂਂਢੇਦਿਆਂ 30
(Free Matrimonial Service)
ਜੰਤਰੀ 32

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ.ਐਚ.ਡੀ.

ਕਾਰਜਕਾਰੀ ਸੰਪਾਦਕ
ਡਾ. ਤ੍ਰਿਲੋਚਨ ਸਿੰਘ ਤਰਸੀ

ਸਹਿਯੋਗੀ
ਸ. ਹਰਭਜਨ ਸਿੰਘ ਚੋਪੜਾ
ਸ. ਜੋਤਿੰਦਰ ਸਿੰਘ ਸੋਹਲ
ਡਾ. ਕਰਨੈਲ ਸਿੰਘ ਸੋਮਲ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ
ਗੁਰਦੀਪ ਸਿੰਘ ਦੀਪ

ਲੇ ਆਉਟ
ਸੋਹਲ ਸਪੇਸ਼ਲਸ

**ਸਰਪ੍ਰਸਤ**
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ:)
1051, ਸੈਕਟਰ 27-ਬੀ, ਚੰਡੀਗੜ੍ਹ
ਫੋਨ : 650696

'ਅੰਮ੍ਰਿਤ ਕੀਰਤਨ' ਲਈ ਚੈੱਕ/ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ - 160 015

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ.ਸੀ.ਐਫ 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।

**ਚੰਦੇ ਦਾ ਵੇਰਵਾ**

| | |
|---|---|
| ਇਕ ਕਾਪੀ | 10 ਰੁ: |
| ਸਲਾਨਾ | 100 ਰੁ: |
| ਜੀਵਨ ਮੈਂਬਰ (15 ਸਾਲ) | 1000 ਰੁ: |
| ਵਿਦੇਸ਼ ਸਲਾਨਾ | 500 ਰੁ: |
| ਜੀਵਨ ਮੈਂਬਰ (15 ਸਾਲ) | 5000 ਰੁ: |

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 3000 ਰੁ: |
| ਕਵਰ ਦੇ ਅੰਦਰਲੇ ਪੰਨੇ | 2000 ਰੁ: |
| ਸਧਾਰਨ ਪੂਰਾ ਪੰਨਾ | 1500 ਰੁ: |

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਦਾ ਨਵੰਬਰ ਅੰਕ ਪੜ੍ਹਿਆ। ਇਸ ਵਿੱਚ ਗਿ: ਹਰਬੰਸ ਸਿੰਘ ਪਟਿਆਲਾ ਦਾ ਲੇਖ 'ਕੀਰਤਨ ਪਰਮਾਣ' ਅਤੇ ਹਰਭਜਨ ਸਿੰਘ ਧਾਰੀਵਾਲ ਦੇ ਲੇਖ 'ਤਬਲੇ ਦੇ ਮੁਢਲੇ ਬੋਲਾਂ ਦਾ ਅਭਿਆਸ' ਕੀਰਤਨੀਆਂ ਨੂੰ ਅਗਵਾਈ ਦੇਣ ਵਾਲੇ ਹਨ। ਡਾ. ਦਰਸ਼ਨ ਸਿੰਘ ਨਰੂਲਾ ਦੇ ਲੇਖ 'ਪੰਜਾਬ ਦੇ ਸੰਗੀਤਕਾਰ' ਜਾਣਕਾਰੀ ਭਰਪੂਰ ਹੈ। ਡਾ. ਗੁਰਨਾਮ ਸਿੰਘ ਜੀ ਦੀਆਂ ਬੰਦਸ਼ਾਂ ਵੀ ਪਸੰਦ ਆਈਆਂ।

ਮੰਗਤ ਸਿੰਘ ਮਸਤਾਨਾ/ਮਲੋਟ

★ ਨਵੰਬਰ ਅੰਕ ਵਿੱਚ ਡਾ. ਕੁਲਦੀਪ ਸਿੰਘ ਹਉਰਾ ਦਾ ਭਾਈ ਹੀਰਾ ਸਿੰਘ ਰਾਗੀ ਬਾਰੇ ਲੇਖ ਵਧੀਆ ਲੱਗਾ। ਡਾ. ਡੀ. ਐਸ. ਨਰੂਲਾ ਦਾ ਲੇਖ 'ਪੰਜਾਬ ਦਾ ਸੰਗੀਤ' ਅਤੇ ਹਰਭਜਨ ਸਿੰਘ ਧਾਰੀਵਾਲ ਵਲੋਂ ਤਬਲੇ ਬਾਰੇ ਲੇਖ ਜਾਣਕਾਰੀ ਭਰਪੂਰ ਅਤੇ ਦਿਲਚਸਪ ਸਨ। ਡਾ. ਗੁਰਨਾਮ ਸਿੰਘ ਜੀ ਦੀਆਂ ਬੰਦਸ਼ਾਂ ਕਾਬਲੇ ਤਾਰੀਫ਼ ਹਨ।

ਭਾਈ ਅਵਤਾਰ ਸਿੰਘ ਹੰਸ/ਸੰਗਰੂਰ

★ 'ਅੰਮ੍ਰਿਤ ਕੀਰਤਨ' ਹਰ ਮਹੀਨੇ ਮਿਲ ਰਿਹਾ ਹੈ। ਪਰਚੇ ਦੀ ਛਵੀ ਦਿਨੋਂ ਦਿਨ ਨਿਖਰ ਰਹੀ ਹੈ। 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ, ਤੁਹਾਡੀ ਤੰਦਰੁਸਤੀ ਅਤੇ ਲੰਬੀ ਉਮਰ ਲਈ ਅਰਦਾਸ ਕਰਦੇ ਹਾਂ।

ਸੇਵਾ ਸਿੰਘ ਜਸ / ਜਲਪਾਈਗੁੜੀ, ਬੰਗਾਲ

★ 'ਅੰਮ੍ਰਿਤ ਕੀਰਤਨ' ਸਾਡੇ ਲਈ ਗੁਰਬਾਣੀ ਅਤੇ ਕੀਰਤਨ ਦੀ ਸਿਖਿਆ ਦੇਣ ਵਾਲੇ ਸਾਡੇ ਬਜ਼ੁਰਗ, ਮਹਾਂਪੁਰਖ, ਉਸਤਾਦ, ਵਿਦਵਾਨ ਵਾਂਗ ਹੈ। ਇਹ ਸਾਡੇ ਘਰ ਦਾ ਮੈਂਬਰ ਹੈ। ਅਸੀਂ ਚਾਹੁੰਦੇ ਹਾਂ ਇਹ ਸਦਾ ਸਾਡੇ ਅੰਗ-ਸੰਗ ਰਹੇ। ਛੇਤੀ ਹੀ ਲਾਈਫ ਮੈਂਬਰਸ਼ਿਪ ਲਈ ਮਾਇਆ ਭੇਜ ਰਹੇ ਹਾਂ।

ਦਲਜੀਤ ਸਿੰਘ / 79, Medium Regt. c/o 56 A.P.O.

★ ਨਵੰਬਰ ਦੇ 'ਅੰਮ੍ਰਿਤ ਕੀਰਤਨ' ਵਿੱਚ ਗਿ: ਹਰਬੰਸ ਸਿੰਘ ਪਟਿਆਲਾ ਦਾ ਲੇਖ 'ਕੀਰਤਨ ਪ੍ਰਮਾਣ' ਸਚਮੁੱਚ ਅਗਵਾਈ ਦੇਣ ਵਾਲਾ ਸੀ। ਡਾ. ਡੀ. ਐਸ. ਨਰੂਲਾ ਜੀ ਦਾ ਲੇਖ ਵੀ ਖੋਜ ਭਰਪੂਰ ਸੀ। ਅਸੀਂ ਮਲੋਟ ਦੇ ਕੀਰਤਨੀਏ ਕੀਰਤਨ ਵਿਦਿਆ ਦੇ ਪ੍ਰਚਾਰ ਹਿੱਤ ਜਤਨ ਕਰਦੇ ਰਹਿੰਦੇ ਹਾਂ। ਪਿਛੇ ਜਿਹੇ ਗੁਰਦੁਆਰਾ ਗੁਰੂ ਨਾਨਕ ਦੇਵ ਮੁਹਲਾ ਕਰਨੈਲ ਸਿੰਘ ਮਲੋਟ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ। ਇਸ ਵਿੱਚ ਦੀਵਾਨ ਸਜੇ ਅਤੇ ਭਾਈ ਬਲਬੀਰ ਸਿੰਘ ਲਹਿਰੀ, ਭਾਈ ਕੁਲਦੀਪ ਸਿੰਘ ਕੋਮਲ, ਭਾਈ ਸੁਖਦੇਵ ਸਿੰਘ ਬਠਿੰਡਾ, ਰੇਡੀਓ ਆਰਟਿਸਟ ਐਸ.ਐਸ. ਮਸਤਾਨਾ ਅਤੇ ਢਾਡੀ ਜੱਥਾ ਗਿਆਨੀ ਮਲਕੀਤ ਸਿੰਘ ਪੰਖੇਰੂ ਦੇ ਜੱਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ।

ਮਲੋਟ ਦੇ ਪ੍ਰਸਿੱਧ ਕੀਰਤਨ ਅਤੇ ਸੰਗੀਤ ਉਸਤਾਦ ਮੰਗਤ ਸਿੰਘ ਮਸਤਾਨਾ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ ਹਨ। ਅਸੀਂ ਸਾਰੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੇ ਹਾਂ।

ਪ੍ਰੋ. ਐਮ.ਐਸ. ਸਚਦੇਵ ਅਤੇ ਹੋਰ ਸੰਗੀਤਕਾਰ / ਮਲੋਟ


**WORLD'S FIRST NITNEM CD**

**ਨਿੱਤਨੇਮ**

**PATH: DR. JAGIR SINGH JI**

ਜਪੁਜੀ ਸਾਹਿਬ
ਜਾਪ ਸਾਹਿਬ
ਤ੍ਵ ਪ੍ਰਸਾਦਿ ਸਵੱਯੇ
ਚੌਪਈ
ਅਨੰਦ ਸਾਪਬਿ
ਅਰਦਾਸ

*ਵਿਦੇਸ਼ਾਂ ਵਿੱਚ ਰਹਿੰਦੇ ਸੱਜਣ ਇਹ ਸੀ. ਡੀ. ਜ਼ਰੂਰ ਮੰਗਵਾਉਣ ਜੀ।*

**KEH ENTERPRISES (CANADA)**
Produce by : Rashpal S. Kalsi
Suit # 172-151-10090-152 Street
Surrey, B.C. V3R 8X8 Fax: (604)584-9440
in U.K. 116-N, Hude Rd, Hayes, Middlesex, U.K. UB3 4NQ
Tel/Fax: 0181-581-1914

NORTH AMERICAN DISTRIBUTION BY :
**MUSIC WAVES PROD./RAVIB VIDEO**
Unit 101, 8334-128 Street, Surey. B.C. V3MT 62
Ph: (604) 599-1110-(604) 599-6003



ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

ਸਿਖ ਲੀਡਰ

(ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8
ਫੋਨ : 5707096



**ਤਿੰਨ ਅਨਮੋਲ ਪੁਸਤਕਾਂ**

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ
ਅੰਮ੍ਰਿਤ ਕੀਰਤਨ ਟ੍ਰਸਟ 422, ਸੈਕਟਰ 15 ਏ, ਚੰਡੀਗੜ੍ਹ

# ਕਰਉ ਬੇਨੰਤੀਆ

## ਕੁਝ ਸਮਝੀਏ ਤੇ ਕੁਝ ਸਮਝਾਈਏ

☆ ਪਿਛਲੇ ਦਿਨੀਂ ਇੱਕ ਸ਼ਹਿਰ ਕੀਰਤਨ ਕਰਨ ਗਏ। ਸਾਡਾ ਉਸ ਗੁਰਦੁਆਰੇ ਕੀਰਤਨ ਸੀ ਜਿੱਥੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿੱਚ ਨਿਕਲ ਰਹੇ ਨਗਰ ਕੀਰਤਨ ਨੇ ਸਮਾਪਤ ਹੋਣਾ ਸੀ। ਇਹ ਨਗਰ ਕੀਰਤਨ ਕਿਸੇ ਧਾਰਮਿਕ ਸਮਾਗਮ ਦੀ ਬਜਾਇ ਜਲੂਸ ਵਧੇਰੇ ਲਗ ਰਿਹਾ ਸੀ। ਗੁਰਦੁਆਰੇ ਦੇ ਬਾਹਰ ਗੱਭਰੂ ਅਤੇ ਬੱਚੇ ਸ਼ੋਰ ਮਚਾਉਂਦੇ ਪਟਾਕੇ ਚਲਾਈ ਜਾ ਰਹੇ ਸਨ। ਗੁਰਦੁਆਰੇ ਵਿੱਚ ਸੰਗਤ ਇੱਕ ਭੀੜ ਦਾ ਰੂਪ ਧਾਰਨ ਕਰ ਚੁੱਕੀ ਸੀ। ਹਰ ਇੱਕ ਨੂੰ ਮੱਥਾ ਟੇਕਣ ਦੀ ਕਾਹਲ ਸੀ। ਮੱਥਾ ਟੇਕਣ ਲਈ ਜਗ੍ਹਾ ਬਿਲਕੁਲ ਨਹੀਂ ਸੀ। ਚਾਹੀਦਾ ਤਾਂ ਇਹ ਹੈ ਕਿ ਗੁਰਦੁਆਰੇ ਦੇ ਅੰਦਰ ਜਾਂਦਿਆਂ ਹੀ ਅਸੀਂ ਸਤਿਗੁਰੂ ਦੇ ਸਤਿਕਾਰ ਵਜੋਂ ਮਾਨਸਿਕ ਅਤੇ ਸਰੀਰਕ ਤੌਰ ਤੇ ਸ਼ਰਧਾਵਾਨ ਹੋ ਜਾਈਏ, ਪਰ ਇਹ ਦਰਿਸ਼.....। ਪ੍ਰਬੰਧਕਾਂ ਨੂੰ ਅਜਿਹੀਆਂ ਭੀੜ ਰੂਪੀ ਸੰਗਤਾਂ ਲਈ ਰਸਤਿਆਂ ਤੇ ਰੋਕਾਂ ਲਾ ਕੇ ਅਜਿਹਾ ਮਾਹੌਲ ਬਣਾਉਣਾ ਚਾਹੀਦਾ ਹੈ ਕਿ ਸ਼ਰਧਾਲੂ ਆਰਾਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਕਰ ਸਕਣ ਅਤੇ ਮਨ ਟਿਕਾ ਕੇ ਆਪਣੀ ਅਰਦਾਸ ਕਰ ਸਕਣ।

☆ ਇਕ ਹੋਰ ਗੁਰ-ਦਰਬਾਰ ਵਿੱਚ ਗਏ । ਮੇਰੀ ਜੇਬ ਵਿੱਚ ਇੱਕ ਸੌ ਰੁਪਏ ਦਾ ਨੋਟ ਸੀ, ਮੈਂ ਉਹ ਨੋਟ ਰੱਖ ਕੇ ਮੱਥਾ ਟੇਕਿਆ। ਅਜੇ ਮੱਥਾ ਟੇਕ ਕੇ ਉਠ ਹੀ ਰਿਹਾ ਸਾਂ ਕਿ ਸੇਵਾਦਾਰ ਨੇ ਪੀਲੇ ਸਿਰਪਾਉ ਵਿੱਚ ਕੁਝ ਪ੍ਰਸ਼ਾਦ ਮੇਰੇ ਹੱਥ ਵਿੱਚ ਫੜਾਇਆ। ਮੈਂ ਹੈਰਾਨ ਰਹਿ ਗਿਆ। ਸੇਵਾਦਾਰ ਦੀ ਸ਼ਾਇਦ ਇਹੀ ਡਿਊਟੀ ਸੀ ਕਿ ਵੇਖੀ ਜਾਵੇ ਕੌਣ ਸੌ ਰੁਪਏ ਨਾਲ ਮੱਥਾ ਟੇਕਦਾ ਹੈ ਤਾਂ ਜੋ ਉਹਨੂੰ ਵਿਸ਼ੇਸ਼ ਪ੍ਰਸ਼ਾਦ ਦੇ ਸਕੇ। ਲੋਕ ਜਦੋਂ ਸਿੱਕਿਆਂ ਨਾਲ ਮੱਥਾ ਟੇਕਦੇ ਹਨ ਤਾਂ ਆਵਾਜ਼ ਆਉਂਦੀ ਹੈ। ਸੇਵਾਦਾਰ ਦੇ ਹੱਥ ਵਿੱਚ ਇੱਕ ਲੱਕੜੀ ਦੀ ਫੱਟੀ ਜਿਹੀ ਸੀ, ਜਿਸ ਨਾਲ ਉਹ ਭਨ-ਘੜ ਇੱਕਠੀ ਕਰਦਾ ਸੀ, ਫਿਰ ਉਹ ਗੋਲਕ ਵਿੱਚ ਪਾਈ ਜਾਂਦਾ ਸੀ। ਕਾਸ਼! ਇਹ ਗੋਲਕਾਂ ਗੁਰੂ ਅਤੇ ਸਿੱਖ ਦੇ ਵਿਚਕਾਰੋਂ ਲਾਂਭੇ ਹੋ ਸਕਦੀਆਂ।

☆ ਇੱਕ ਬਹੁਤ ਆਲੀਸ਼ਾਨ ਗੁਰਦੁਆਰਾ ਬਣ ਗਿਆ ਹੈ। ਚਿੱਟੀ ਦੁੱਧ ਇਮਾਰਤ। ਗੁਰੂ ਦੇ ਘਰ ਸੁਹਣੇ ਹੀ ਚਾਹੀਦੇ ਹਨ। ਇਸ ਗੁਰਦੁਆਰੇ ਦੇ ਨਾਲ ਹੀ ਇੱਕ ਸਕੂਲ ਹੈ, ਜਿਸ ਦੇ ਕਮਰਿਆਂ ਦੀਆਂ ਛੱਤਾਂ ਚੋਂਦੀਆਂ ਹਨ। ਬੱਚਿਆਂ ਦੇ ਬੈਠਣ ਲਈ ਫਰਨੀਚਰ ਨਹੀਂ ਹੈ। ਇਸ ਦਾ ਆਲਾ-ਦੁਆਲਾ ਬਹੁਤ ਗੰਦਾ ਹੈ। ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਲਈ ਕਿਤਨੇ ਕੁ ਜਾਗਰੂਕ ਹਾਂ। ਸਾਡੀਆਂ ਭਵਿੱਖੀ ਯੋਜਨਾਵਾਂ ਵਿੱਚ 20 ਸਾਲ ਤੋਂ ਘੱਟ ਉਮਰ ਦੇ ਬੱਚੇ-ਬੱਚੀਆਂ ਲਈ ਕਿਤਨੀ ਕੁ ਥਾਂ ਹੈ, ਕਿਤਨਾ ਕੁ ਪੈਸਾ ਅਸੀਂ ਉਹਨਾਂ ਦੀ ਭਲਾਈ ਲਈ ਰੱਖਿਆ ਹੈ। ਅਗੋਂ ਗੁਰਦੁਆਰੇ ਸ਼ਾਇਦ ਉਹਨਾਂ ਨੇ ਆਉਣਾ ਹੈ। ਗੁਰਦੁਆਰਿਆਂ ਦੇ ਪ੍ਰਬੰਧਕ ਆਪਣੇ ਅੰਦਰ ਝਾਤੀ ਮਾਰਨ ਦੀ ਕਿਰਪਾ ਕਰਨ।

☆ ਇੱਕ ਕੀਰਤਨੀਏ ਨੂੰ ਪ੍ਰਬੰਧਕ ਦੀਵਾਨ ਵਿੱਚ ਬੁਲਾਉਣਾ ਚਾਹੁੰਦੇ ਸਨ। ਪ੍ਰਬੰਧਕਾਂ ਨੇ ਕੀਰਤਨੀਏ ਨੂੰ ਮਾਇਆ ਪੁੱਛੀ ਤਾਂ ਕੀਰਤਨੀਏ ਨੇ ਕਿਹਾ-"ਅੱਜ ਕੱਲ੍ਹ ਸਾਡਾ ਰੇਟ ਇਕਵੰਜਾ ਹਜ਼ਾਰ ਹੈ।"

ਪ੍ਰਬੰਧਕਾਂ ਨੇ ਕਿਹਾ - 'ਇਤਨਾ ਲਾਲਚ ਨਹੀਂ ਕਰੀਦਾ।'

"ਪਿੱਛੇ ਜਿਹੇ ਅਸੀਂ ਬਹੁਤ ਸਾਰੇ ਦੀਵਾਨਾਂ ਵਿੱਚ ਨਿਸ਼ਕਾਮ ਕੀਰਤਨ ਕੀਤਾ ਹੈ।" ਕੀਰਤਨੀਏ ਨੇ ਬੜੇ ਮਾਣ ਨਾਲ ਦੱਸਿਆ।

"ਫਿਰ ਵੀ ਅਸੀਂ ਇਤਨੀ ਮਾਇਆ ਨਹੀਂ ਦੇ ਸਕਦੇ।" ਪ੍ਰਬੰਧਕ ਉੱਠਣ ਲੱਗੇ। ਪਰ ਫਿਰ ਸੌਦੇਬਾਜ਼ੀ ਸ਼ੁਰੂ ਹੋ ਗਈ, ਅਖੀਰ ਇੱਕੀ ਹਜ਼ਾਰ ਤੇ ਗੱਲ ਤੈਅ ਹੋ ਗਈ।

ਇਹੀ ਪ੍ਰਬੰਧਕ ਇੱਕ ਹੋਰ ਕੀਰਤਨੀਏ ਕੋਲ ਗਏ। ਉਸ ਨੇ ਭੇਟਾ ਬਾਰੇ ਪੁੱਛਿਆ ਤਾਂ ਉਸ ਕੀਰਤਨੀਏ ਨੇ ਇਹ ਕਿਹਾ ਕਿ ਜੋ ਬਾਕੀ ਕੀਰਤਨੀਆਂ ਨੂੰ ਦਿਓਗੇ, ਉਹ ਹੀ ਸਾਨੂੰ ਦੇ ਦੇਣਾ। ਪ੍ਰਬੰਧਕ ਕਹਿਣ ਲੱਗੇ- "ਤੁਸੀਂ ਬਾਕੀਆਂ ਦੀ ਗੱਲ ਨਾ ਕਰੋ।"

ਕੀਰਤਨੀਏ ਨੇ ਕਿਹਾ- "ਫਿਰ ਤੁਸੀਂ ਜੋ ਠੀਕ ਸਮਝੋ ਦੇ ਦੇਣਾ।"

ਕੀਰਤਨ ਦਰਬਾਰ ਦੀ ਸਮਾਪਤੀ ਉਪਰੰਤ ਜਿਸ ਕੀਰਤਨੀਏ ਨੇ ਮਾਇਆ ਤੈਅ ਕੀਤੀ ਸੀ ਉਸ ਨੂੰ ਇੱਕੀ ਹਜ਼ਾਰ ਮਿਲ ਗਿਆ ਤੇ ਜਿਸ ਨੇ ਤੈਅ ਨਹੀਂ ਸੀ ਕੀਤੀ, ਉਸ ਨੂੰ ਪੈਂਤੀ ਸੌ ਰੁਪਏ ਦੇ ਦਿੱਤੇ ਗਏ।

☆ ਇੱਕ ਗੁਰਦੁਆਰਾ ਸਾਹਿਬ ਵਿੱਚ ਲੰਗਰ ਦਾ ਸਮਾਂ ਹੈ। ਭੀੜ ਹੈ। ਸੰਗਤਾਂ ਲੰਗਰ ਹਾਲ ਵਿੱਚ ਜਾ ਬੈਠੀਆਂ ਹਨ। ਲੰਗਰ ਵਰਤਾਇਆ ਜਾ ਰਿਹਾ ਹੈ। ਦਰਵਾਜ਼ੇ ਦੇ ਬਾਹਰ ਕੁਝ ਝੁਗੀਆਂ ਵਾਲੇ ਲੰਗਰ ਹਾਲ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਹਨ। ਝੁਗੀਆਂ ਵਾਲਿਆਂ ਦਾ ਇੱਕ ਬੱਚਾ ਦਰਵਾਜ਼ੇ ਦੇ ਅੰਦਰ ਜਾਣ ਦੀ ਕੋਸ਼ਿਸ਼ ਕਰ ਰਿਹਾ ਹੈ। ਸੇਵਾਦਾਰ ਨੇ ਉਸ ਦੇ ਦੋ ਚਪੇੜਾਂ ਲਾਈਆਂ ਅਤੇ ਬੋਲਿਆ- "ਤੁਹਾਨੂੰ ਕਿੰਨੀ ਵਾਰੀ ਕਿਹਾ ਹੈ, ਪਹਿਲਾਂ ਸੰਗਤ ਨੂੰ ਲੰਗਰ ਛਕ ਲੈਣ ਦਿਓ, ਫਿਰ ਤੁਹਾਨੂੰ ਦਿਆਂਗੇ।"

ਮੈਂ ਦੂਰ ਖੜਾ ਸੋਚ ਰਿਹਾ ਸਾਂ ਗੁਰੂ ਨਾਨਕ ਦੇਵ ਜੀ ਨੇ ਭੁੱਖਿਆਂ ਨੂੰ ਲੰਗਰ ਛਕਾਉਣ ਬਦਲੇ ਚੁਪੇੜਾਂ ਖਾਧੀਆਂ ਸਨ-ਤੇ ਇੱਥੇ--- ਅਸੀਂ।

ਸਾਡੀ ਚੇਤਨਾ ਅਤੇ ਵਿਹਾਰ ਵਿੱਚ ਇਹ ਕੁਝ ਧੱਬੇ ਹਨ, ਆਓ ! ਇਹਨਾਂ ਨੂੰ ਧੋਣ ਦੀ ਕੋਸ਼ਿਸ਼ ਕਰੀਏ।

# 50-ਵੀਂ ਵਰ੍ਹੇ ਗੰਢ ਅਤੇ ਪੰਜਾਬ ਦਾ ਸੰਗੀਤ

*ਡਾ. ਡੀ. ਐਸ ਨਰੂਲਾ**

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

## ਪੱਛਮੀ ਪੰਜਾਬ ਦੇ ਸੰਗੀਤਕਾਰ

ਉਸਤਾਦ ਹਸਨ, ਗ਼ੁਲਾਮ ਅਲੀ, ਨੂਰ ਜਹਾਂ, ਨਾਹੀਦ ਅਖ਼ਤਰ, ਮਾਲਾ, ਰੂਨਾ ਲੈਲਾ, ਆਫ਼ਸ਼ਾਂ, ਤਸੱਵਰ ਖ਼ਾਨਮ ਤਸਲੀਮ ਮਲਿਕਾ, ਆਈਨਾ ਪ੍ਰਵੀਨ, ਰੋਬੀਨਾ ਬਦਰ, ਉਸਤਾਦ ਅਮਾਨਤ ਅਲੀ, ਨਜ਼ਾਕਤ ਅਲੀ, ਮੁਮਤਾਜ਼ ਬੇਗਮ, ਇਕਬਾਲ ਹਬੀਬ, ਮੁਹੰਮਦ ਸਾਈਦ, ਮੁਹੰਮਦ-ਜ਼ਹੂਰੀ, ਬਸ਼ਾਰਤ ਹੁਸੈਨ ਤਸੱਦਕ ਅਲੀ ਖਾਂ, ਆਸਫ਼ ਜਾਵੇਦ, ਆਲਮਗੀਰ, ਸ਼ੌਕਤ ਲੁਧਿਆਣਵੀ, ਮਾਸਟਰ ਜ਼ਫ਼ਰ, ਬਸ਼ੀਰ ਅਹਿਮਦ, ਸੁਰਈਆ ਮੁਲਤਾਨੀ, ਅਮਜਦ ਪ੍ਰਵੇਜ਼, ਮਸੂਦ ਰਾਨਾ, ਨਜ਼ੀਰ ਬੇਗਮ, ਖੁਰਸ਼ੀਦ ਬੇਗਮ, ਤਾਨੀ ਬੇਗਮ, ਸਦਾਕਤ, ਰੰਗੀਲਾ, ਨੱਯਰ ਅਨੂਰ, [illegible]ਾਸ, ਤਾਜ ਮਹਿਲ, ਮਾਲਿਕਾ ਖ਼ਾਨਮ, ਅਹਿਮਦ ਚਿਸ਼ਤੀ, ਜ਼ੀਨਤ ਬੇਗਮ, ਬਖਸ਼ੀ ਵਾਅਜ਼, ਇਕਬਾਲ ਬਾਨੋ, ਗੁਲ ਅੱਬਾਸ, ਗ਼ੁਲਾਮ ਵਾਅਜ਼, ਐਮ. ਕਲੀਮ, ਜੈਕਸਨ ਗਿੱਲ, ਅਸਦ ਅਮਾਨ ਅਲੀ, ਅੰਦਲੀਬ, ਨਸੀਮਾ ਬੇਗਮ, ਅੱਤਾ ਉੱਲਾ ਖਾਂ, ਫਤਿਹ ਅਲੀ ਖ਼ਾਂ, ਸਲਾਮਤ ਅਲੀ ਖਾਂ।

ਉਪਰੋਕਤ ਪਾਕਿਸਤਾਨੀ ਗਾਇਕਾਂ ਨੂੰ ਭਾਰਤੀ ਪੰਜਾਬ ਵਿਚ ਵੀ ਪਿਆਰ ਸਤਿਕਾਰ ਨਾਲ ਸੁਣਿਆ ਜਾਂਦਾ ਹੈ। ਇਨ੍ਹਾਂ ਗਾਇਕਾਂ ਨੇ ਆਪਣੀ ਰਿਆਜ਼ ਨਾਲ ਗਾਇਕੀ ਦੇ ਮਿਆਰ ਅਤੇ ਸ਼ਬਦਾਵਲੀ ਪੱਖੋਂ ਗੀਤਾਂ ਵਿੱਚ ਪੰਜਾਬੀ ਸੱਭਿਆਚਾਰ ਨੂੰ ਕਾਇਮ ਰੱਖਿਆ ਹੈ।

ਅਨੇਕਾਂ ਪੁਸਤਕਾਂ ਪੰਜਾਬੀ ਸੰਗੀਤ ਉੱਪਰ ਲਿਖੀਆਂ ਛਾਪੀਆਂ ਗਈਆਂ ਹਨ। ਇਕ ਅੰਦਾਜ਼ੇ ਅਨੁਸਾਰ 500 ਤੋਂ ਉੱਪਰ ਪੁਸਤਕਾਂ ਉਪਲੱਬਧ ਹਨ। ਪਿੱਛੇ ਜਿਹੇ, "ਇਕਬਾਲ ਮਾਹਲ ਦੀ ਕਿਤਾਬ 'ਸੁਰਾਂ ਦੇ ਸੌਦਾਗਰ' (ਨਵਯੁੱਗ) 1998 ਦੀ ਪਹਿਲੀ ਸੁੰਦਰ ਤੇ ਪ੍ਰਭਾਵਸ਼ਾਲੀ ਪ੍ਰਕਾਸ਼ਨ ਹੈ, ਜਿਸ ਵਿਚ ਜਗਮੀਤ ਸਿੰਘ, ਸੁਰਿੰਦਰ ਕੌਰ, ਮਹਿੰਦੀ ਹਸਨ, ਨੂਰ ਜਹਾਂ, ਆਸਾ ਸਿੰਘ ਮਸਤਾਨਾ, ਐਸ. ਮੁਹਿੰਦਰ, ਜਗਤ ਸਿੰਘ ਜੱਗਾ, ਪ੍ਰਕਾਸ਼ ਕੌਰ, ਹਜ਼ਾਰਾ ਸਿੰਘ ਰਮਤਾ, ਸ਼ੌਕਤ ਅਲੀ, ਰੇਸ਼ਮਾਂ ਅਤੇ ਗੁਰਦਾਸ ਮਾਨ ਦੇ ਸ਼ਬਦ ਚਿੱਤਰ ਹਨ।[6] ਸਾਹਿਤਕਾਰਾਂ ਵੱਲੋਂ ਸੰਗੀਤ ਖੇਤਰ ਵਿਚ ਸਦਾ ਹੀ ਪਹਿਲਕਦਮੀ ਕੀਤੀ ਗਈ ਹੈ। ਇਹ ਸ਼ੁਭ ਲੱਛਣ ਹੈ। ਪਰੰਤੂ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਵਧਦੀ ਹੋਈ ਹੁੱਲੜਬਾਜ਼ੀ ਨੂੰ ਠੱਲ ਪਾਉਣ ਦੀ ਲੋੜ ਹੈ, ਕਿਤੇ ਐਸਾ ਨਾ ਹੋਵੇ ਕਿ 21-ਵੀਂ ਸਦੀ ਦੇ ਲੋਕ ਹੁੱਲੜਬਾਜ਼ੀ ਨੂੰ ਸਾਡਾ ਸੱਭਿਆਚਾਰ ਸਮਝ ਲੈਣ।

ਗੁਰਮਤਿ-ਸੰਗੀਤ ਅਥਵਾ ਗੁਰਬਾਣੀ-ਸੰਗੀਤ, ਪੰਜਾਬ ਦੇ ਲੋਕਾਂ ਵਿਚ ਬੜੀ ਸ਼ਰਧਾ ਅਤੇ ਪਿਆਰ ਨਾਲ ਸੁਣਿਆ ਜਾਂਦਾ ਹੈ। 1947 ਤੋਂ ਹੁਣ ਤੱਕ ਤੇ ਰਾਗੀਆਂ-ਰਬਾਬੀਆਂ ਦੀ ਸੂਚੀ ਇਸ ਪ੍ਰਕਾਰ ਹੈ। ਭਾਈ ਹਰਸਾ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਧਿਆਨ ਸਿੰਘ, ਭਾਈ ਦਰਸ਼ਨ ਸਿੰਘ ਕੋਮਲ, ਭਾਈ ਬਚਿੱਤਰ ਸਿੰਘ, ਭਾਈ ਬਾਤਨ ਸਿੰਘ, ਸ੍ਰ. ਆਤਮਾ ਸਿੰਘ, ਭਾਈ ਗੁਰਮਖ ਸਿੰਘ, ਭਾਈ ਸਰਮੁਖ ਸਿੰਘ ਫੱਕਰ, ਸ੍ਰ. ਗਿਆਨ ਸਿੰਘ ਐਬਟਾਬਾਦ, ਗਿਆਨੀ ਹਰਦਿੱਤ ਸਿੰਘ, ਭਾਈ ਜਗਤ ਸਿੰਘ, ਭਾਈ ਜਵਾਲਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਖੜਗ ਸਿੰਘ, ਭਾਈ ਕੁੰਦਨ ਸਿੰਘ, ਭਾਈ ਲਾਭ ਸਿੰਘ, ਭਾਈ ਸੰਤਾ ਸਿੰਘ, ਭਾਈ ਪ੍ਰਤਾਪ ਸਿੰਘ, ਭਾਈ ਪੂਰਨ ਸਿੰਘ, ਮਾਸਟਰ ਪ੍ਰੇਮ ਸਿੰਘ, ਭਾਈ ਸ਼ੇਰ ਸਿੰਘ, ਭਾਈ ਸ਼ਾਮ ਸਿੰਘ, ਸੰਤ ਸੁਜਾਨ ਸਿੰਘ, ਭਾਈ ਸੁੰਦਰ ਸਿੰਘ, ਭਾਈ ਸੁਰਜਨ ਸਿੰਘ, ਭਾਈ ਗਿਆਨ ਸਿੰਘ ਅਲਮਸਤ, ਭਾਈ ਧਰਮ ਸਿੰਘ ਜ਼ਖ਼ਮੀ, ਭਾਈ ਰਣਜੀਤ ਸਿੰਘ, ਭਾਈ ਮਹਾਂ ਸਿੰਘ, ਬਾਬਾ ਸ਼ਰਧਾ ਸਿੰਘ, ਭਾਈ ਸ਼ੇਰ ਸਿੰਘ, ਭਾਈ ਉੱਤਮ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਪ੍ਰੋ. ਦਰਸ਼ਨ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਸਤਿਨਾਮ ਸਿੰਘ ਆਦਿ।[7]

ਇਨ੍ਹਾਂ ਤੋਂ ਇਲਾਵਾ ਵੀ ਕੁਝ ਨਾਵਾਂ ਦਾ ਜ਼ਿਕਰ ਬਖਸ਼ੀ ਸਿੰਘ ਆਦਿਲ ਨੇ ਕੀਤਾ ਹੈ। ਪਦਮ ਸ੍ਰੀ ਸੋਹਣ ਸਿੰਘ, ਭਾਈ ਤ੍ਰਿਲੋਚਨ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਸੰਤਾ ਸਿੰਘ ਚਮਕ, ਭਾਈ ਹੀਰਾ ਸਿੰਘ, ਭਾਈ ਭਾਗ ਸਿੰਘ, ਭਾਈ ਰਣਜੋਧ ਸਿੰਘ, ਭਾਈ ਗੋਪਾਲ ਸਿੰਘ, ਅਤੇ ਗਿਆਨੀ ਸੋਹਣ ਸਿੰਘ ਸੀਤਲ ਆਦਿ।[8] ਨਵਜੋਧ ਕੌਰ ਕਸੇਲ ਨੇ ਆਪਣੀ ਪੁਤਸਕ 'ਪੰਜਾਬ ਦਾ ਸਮਕਾਲੀ ਸੰਗੀਤ' ਵਿਚ ਪਦਮ ਸ੍ਰੀ ਸੋਹਣ ਸਿੰਘ, ਪ੍ਰੋ. ਤਾਰਾ ਸਿੰਘ, ਲਾਲ ਚੰਦ ਯਮਲਾ ਜੱਟ, ਸੋਹਣ ਸਿੰਘ ਸੀਤਲ ਅਤੇ ਭਾਈ ਦੇਵਿੰਦਰ ਸਿੰਘ ਦੇ ਜੀਵਨ-ਰਚਨਾ ਤੇ ਯੋਗਦਾਨ ਬਾਰੇ ਲਿਖਿਆ ਹੈ।

## ਨਿਰਧਾਰਤ ਰਾਗਾਂ ਵਿਚ ਗੁਰਮਤਿ ਸੰਗੀਤ

ਨਿਰਧਾਰਤ ਰਾਗਾਂ ਵਿਚ ਗੁਰਮਤਿ ਸੰਗੀਤ ਦਾ ਮਹਾਨ ਕਾਰਜ 1991 ਵਿਚ ਸੰਤ ਬਾਬਾ ਸੁੱਚਾ ਸਿੰਘ ਨੇ ਆਰੰਭ ਕੀਤਾ ਜਿਸਦੀ ਅਪਾਰ ਸਫਲਤਾ ਦੇ ਕਾਰਣ, ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਦਾ ਆਰੰਭ

---

* ਮੁਖੀ ਸੰਗੀਤ ਵਿਭਾਗ, ਡੀ.ਏ.ਵੀ. ਕਾਲਜ ਮਲੋਟ – 152107

[6] ਪੰਜਾਬੀ ਟ੍ਰਿਬਿਊਨ, 18 ਜਨਵਰੀ 1998, ਪੰਨਾ – 5

[7] ਡਾ. ਗੀਤਾ ਪੈਂਤਲ, ਪੰਜਾਬ ਦੀ ਸੰਗਤ ਪਰੰਪਰਾ, ਦਿੱਲੀ 1988 ਪੰਨਾ-146

[8] ਬਖਸ਼ੀ ਸਿੰਘ ਆਦਿਲ, ਪੰਜਾਬ ਦੇ ਸੰਗੀਤਕਾਰ, ਅੰਮ੍ਰਿਤਸਰ 1978, ਪੰਨਾ - 18

ਹੋਇਆ। ਇਹ ਸੰਮੇਲਨ ਲਗਾਤਾਰ ਹਰ ਸਾਲ ਅਕਤੂਬਰ ਜਾਂ ਨਵੰਬਰ ਵਿਚ ਨਿਰੰਤਰ ਚਾਰ ਦਿਨ ਤਕ ਕਰਵਾਇਆ ਜਾਂਦਾ ਹੈ। ਜਿਸ ਵਿਚ ਪੁਰਾਣੇ ਰਾਗੀਆਂ-ਰਬਾਬੀਆਂ ਤੋਂ ਇਲਾਵਾ ਕਾਲਜਾਂ ਅਤੇ ਯੂਨਿਵਰਸਿਟੀਆਂ ਦੇ ਪ੍ਰੋਫੈਸਰ ਵੀ ਭਾਗ ਲੈਂਦੇ ਹਨ। ਹੁਣ ਤੱਕ ਇਸ ਸੰਮੇਲਨ ਵਿਚ ਜਿਨ੍ਹਾਂ ਸੰਗੀਤਕਾਰਾਂ ਦੀ ਰਿਕਾਰਡਿੰਗ ਹੋਈ ਹੈ, ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ :

ਸਿੰਘ ਬੰਧੂ, ਡਾ. ਅਜੀਤ ਸਿੰਘ ਪੇਂਤਲ, ਡਾ. ਦਰਸ਼ਨ ਸਿੰਘ ਨਰੂਲਾ, ਡਾ. ਗੀਤਾ ਪੇਂਤਲ, ਬੀਬੀ ਨਿਵਦੇਤਾ ਉੱਪਲ ਡਾ. ਜਾਗੀਰ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਸ਼ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਪ੍ਰਿੰਸੀਪਲ ਬਲਦੇਵ ਸਿੰਘ, ਪ੍ਰੋ. ਹਰਚੰਦ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ, ਭਾਈ ਹਰਿੰਦਰ ਸਿੰਘ, ਭਾਈ ਹਰਚਰਨ ਸਿੰਘ ਫੱਕਰ, ਭਾਈ ਨਿਰਮਲ ਸਿੰਘ, ਪ੍ਰੋ. ਚੰਨਣ ਸਿੰਘ ਮਜਬੂਰ, ਭਾਈ ਪ੍ਰਿਥੀਪਾਲ ਸਿੰਘ, ਭਾਈ ਗੁਰਮਤਿ ਸਿੰਘ ਸ਼ਾਂਤ, ਪ੍ਰੋ. ਚਰਨਜੀਤ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਮੋਹਣਪਾਲ ਸਿੰਘ, ਭਾਈ ਹਰਜਿੰਦਰ ਸਿੰਘ, ਭਾਈ ਬਚਨ ਸਿੰਘ ਆਲਮ, ਭਾਈ ਅਮਰਜੀਤ ਸਿੰਘ ਤਾਨ, ਪ੍ਰੋ. ਭਾਗ ਸਿੰਘ, ਭਾਈ ਖੇਮ ਸਿੰਘ ਪ੍ਰੇਮੀ, ਭਾਈ ਨਿਰੰਜਨ ਸਿੰਘ, ਭਾਈ ਸਰਬਜੀਤ ਸਿੰਘ ਰੰਗੀਲਾ, ਭਾਈ ਬਲਦੀਪ ਸਿੰਘ, ਸੰਤ ਅਨੂਪ ਸਿੰਘ, ਭਾਈ ਕੰਵਰਪਾਲ ਸਿੰਘ, ਭਾਈ ਮਹਿੰਦਰ ਸਿੰਘ ਸਾਗਰ, ਭਾਈ ਚਤਰ ਸਿੰਘ, ਭਾਈ ਮਨਜੀਤ ਸਿੰਘ, ਭਾਈ ਗੁਰਮੀਤ ਸਿੰਘ, ਬੀਬੀ ਬਲਜੀਤ ਕੌਰ, ਭਾਈ ਇਕਬਾਲ ਸਿੰਘ ਸਾਬਰ, ਡਾ. ਜਸਬੀਰ ਕੌਰ, ਬੀਬੀ ਜਸਵਿੰਦਰ ਕੌਰ ਅਤੇ ਬੀਬੀ ਗੁਰਿੰਦਰ ਕੌਰ ਆਦਿ।[9]

## ਪੰਜਾਬੀ ਸੱਭਿਆਚਾਰ ਅਤੇ ਸੰਗੀਤ

ਉੱਚੀਆਂ ਕਲਾ ਕਿਰਤਾਂ, ਮਿਆਰੀ ਸਾਹਿਤ ਅਤੇ ਉਸਾਰੂ ਸੰਗੀਤ ਚੰਗੀਆਂ ਕਦਰਾਂ ਕੀਮਤਾਂ ਦੀ ਸਿਰਜਣਾ ਕਰ ਸਕਦਾ ਹੈ, ਜੇ ਕਰ ਉਸ ਦਾ ਰਚਨਾਕਾਰ ਸਮੇਂ ਦੇ ਸੱਚ ਨਾਲ, ਸਿਧਾਂਤਕ ਰੂਪ ਵਿੱਚ ਖੜਾ ਹੋਵੇ। ਸਥਾਪਤ ਤਾਕਤਾਂ ਦੀ ਅੱਖ ਵਿਚ ਅਜਿਹੇ ਕਲਾਕਾਰ ਜਾਂ ਲੇਖਕ ਦਾ ਰੜਕਣਾ ਸੁਭਾਵਿਕ ਹੈ ਪਰੰਤੂ ਅੱਜ ਕੱਲ੍ਹ ਸੰਗੀਤ ਅਤੇ ਸੱਭਿਆਚਾਰਕ ਖੇਤਰਾਂ ਵਿਚ ਤਕਨੀਕੀ ਜਾਣਕਾਰੀ ਤੋਂ ਅਭਿੱਜ, ਕਈ ਅਜਿਹੇ ਵਿਅਕਤੀ ਪੈਰ ਜਮਾਂ ਚੁਕੇ ਹਨ ਜਿਹੜੇ ਸਥਾਪਿਤ ਤਾਕਤਾਂ ਨਾਲ ਮਿਲ ਕੇ, ਸੱਭਿਆਚਾਰ ਦੇ ਨਾਮ ਤੇ, ਇਕ-ਪੰਥ ਅਤੇ ਤਿੰਨ-ਤਿੰਨ ਕਾਰਜ ਕਰ ਰਹੇ ਹਨ। ਇਹ ਕਾਰਜ ਹਨ-ਪੈਸਾ, ਚੌਧਰ ਅਤੇ ਧੜੇਬੰਦੀ। ਵਿੱਦਿਅਕ ਸੰਸਥਾਵਾਂ ਵਿੱਚ ਸੰਗੀਤ ਵਿਭਾਗਾਂ ਨੂੰ ਸੱਭਿਆਚਾਰਕ ਇਕਾਈਆਂ ਬਣਨਾ ਚਾਹੀਦਾ ਸੀ ਪਰ ਉਪਰੋਕਤ ਕਾਰਣਾਂ ਕਰਕੇ ਅਜਿਹਾ ਨਹੀਂ ਹੋ ਸਕਿਆ। ਸੰਗੀਤਕਾਰਾਂ ਦਾ ਅਜੇ ਤੱਕ ਕੋਈ ਤਕੜਾ ਸੰਗਠਨ ਨਹੀਂ ਹੈ। ਸਿਆਸੀ ਚਾਲਾਂ ਤੋਂ ਇਹ ਦੂਰ ਹਨ। ਵੈਸੇ ਵੀ ਕਲਾ ਸਾਧਨਾ ਅਤੇ ਕਲਾ ਸਿਰਜਣਾ ਦੇ ਲਈ ਸਾਲਾਂ ਦੇ ਸਾਲ ਚਾਹੀਦੇ ਹਨ। ਇਕਾਗਰਤਾ, ਲਗਨ ਅਤੇ ਪ੍ਰੇਰਣਾ ਚਾਹੀਦੀ ਹੈ। ਇਸ ਵਿਚ 'ਤਿਕੜਮਬਾਜ਼ੀ' ਦੇ ਲਈ ਵਿਹਲ ਨਹੀਂ ਹੁੰਦੀ।

ਸ੍ਰੀ ਹਰਭਜਨ ਹਲਵਾਰਵੀ ਨੇ ਆਪਣੀ ਇੱਕ ਸੰਪਾਦਕੀ ਵਿੱਚ ਲਿਖਿਆ ਹੈ ਕਿ ਸਾਡਾ ਸੱਭਿਆਚਾਰ ਸਾਡੇ ਸਾਹਿਤ ਵਾਂਗ ਹੀ ਜੀਵਨ ਪ੍ਰੇਰਕ ਤੇ ਅਮੀਰ ਵੀ ਹੈ ਅਤੇ ਸ਼ਕਤੀਮਾਨ ਵੀ ਹੈ । ਇਸੇ ਕਰਕੇ ਸਾਡੇ ਰਾਜਨੀਤੀਵਾਨਾਂ ਨੇ ਸਿਆਣਿਆਂ ਤੋਂ ਪੁੱਛਿਆ ਕਿ, ਸੱਭਿਆਚਾਰ ਕੀ ਹੈ? ਸਿਆਣਿਆਂ ਨੇ ਮੱਥਾ ਖੁਰਕ ਕੇ ਦੱਸਿਆ, ਰੰਗ ਬਰੰਗੀਆਂ ਜਾਕਟਾਂ ਪਾ ਕੇ ਗਾਉਣ ਵਾਲੇ ਮੁੰਡਿਆਂ ਅਤੇ ਉਤੇਜਕ ਨਖਰੇ ਕਰਕੇ ਗਾਉਣ ਵਾਲੀਆਂ ਕੁੜੀਆਂ ਨੂੰ, ਸੱਭਿਆਚਾਰ ਆਖਦੇ ਹਨ। ਰਾਜਨੀਤੀਵਾਨ ਬੋਲੇ, ਸਾਨੂੰ ਤਾਂ ਹੁਣ ਕੋਈ ਸੁਣਦਾ ਨਹੀਂ, ਸੱਭਿਆਚਾਰ ਨੂੰ ਕਹੋ ਕਿ ਉਹ ਸਟੇਜ ਤਾਂ ਗਰਮਾਵੇ ਤੇ ਭੀੜ ਇੱਕਠੀ ਕਰੇ, ਵਿਚ ਵਿਚਾਲੇ ਰਾਮਰੌਲੇ ਵਿਚ ਅਸੀਂ ਵੀ ਆਪਣੀ ਗੱਲ ਸੁਣਾ ਦਿਆ ਕਰਾਂਗੇ।। ਇਸੇ ਸੋਚ ਅਧੀਨ ਗੀਸੋ-ਗੀਸੀ ਕੁਝ ਛੋਟੇ ਕੁਝ ਵੱਡੇ, ਸਵਰਗੀ ਲੇਖਕਾਂ ਦੇ ਨਾਮ ਉੱਤੇ, ਕੁਝ ਛੋਟੇ ਵੱਡੇ ਰਾਜਨੀਤੀਵਾਨਾਂ ਦੀ ਅਗਵਾਈ ਵਿਚ ਸੱਭਿਆਚਾਰ ਮੇਲੇ ਲੱਗਣ ਲੱਗੇ, ਸੂਖਮ ਸਾਜ਼ਾਂ ਦੀ ਸੰਗਤ ਵਿੱਚ ਉਨ੍ਹਾਂ ਦੀ ਰਚਨਾ ਦੇ ਗਾਇਨ ਦੀ ਥਾਂ ਸਟੇਜ ਉੱਤੇ ਨੀਂਵੇ ਪੱਧਰ ਦੇ ਗੀਤਾਂ ਦਾ ਖੌਰੂ ਪੈਂਦਾ ਹੈ। ਕੰਨ ਪਾੜਵੇਂ-ਸਾਜ਼ ਖੁੜਧੂ ਪਾਉਂਦੇ ਹਨ, ਚਿੰਤਨ ਮੰਥਨ ਦੀ ਥਾਂ ਤੇ ਅਜਿਹੇ ਬੰਦੇ ਸਨਮਾਨੇ ਜਾਂਦੇ ਹਨ ਜਿਨ੍ਹਾਂ ਬਾਰੇ ਸਨਮਾਨ ਕਰਨ ਵਾਲੇ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਸ ਲੇਖਕ ਨੇ ਨਾਵਲ ਕਹਾਣੀ ਜਾਂ ਕਵਿਤਾ ਲਿਖੀ ਹੈ ਜਾਂ ਕੁਝ ਹੋਰ।[10]

## ਪ੍ਰਾਪਤੀਆਂ ਅਤੇ ਸੰਭਾਵਨਾਵਾਂ

ਪੰਜਾਬ ਦੇ ਸ਼ਾਸਤ੍ਰੀ ਅਤੇ ਸੰਗੀਤ ਵਿਦਵਾਨਾਂ ਵਿਚੋਂ ਰਾਸ਼ਟਰੀ ਪੱਧਰ ਤੇ ਸ੍ਰੀ ਦਲੀਪ ਚੰਦ੍ਰ ਵੇਦੀ ਜੀ ਨੇ ਮਾਨਤਾ ਪ੍ਰਾਪਤ ਕੀਤੀ ਅਤੇ ਸਨਮਾਨ ਪ੍ਰਾਪਤ ਕੀਤੇ। ਉਨ੍ਹਾਂ ਦੇ ਅਨੇਕਾਂ ਸ਼ਿਸ਼ ਵੀ ਸੰਗੀਤ ਖੇਤਰ ਵਿਚ ਪ੍ਰਸਿੱਧ ਹੋਏ ਹਨ। ਉਸਤਾਦ ਅਮਜਦ ਅਲੀ ਖਾਂ ਨੇ ਸਰੋਦਵਾਦਨ ਅਤੇ ਉਸਤਾਦ ਜ਼ਾਕਰ ਹੁਸੈਨ ਨੇ ਤਬਲਾ ਖੇਤਰ ਵਿਚ ਅੰਤਰ ਰਾਸ਼ਟਰੀ ਪੱਧਰ ਤੇ ਲੋਕਪ੍ਰਿਅਤਾ ਪ੍ਰਾਪਤ ਕੀਤੀ। ਇਹਨ੍ਹਾਂ ਦੋਵੇਂ ਕਲਾਕਾਰਾਂ ਦਾ ਪਿਛੋਕੜ ਪੰਜਾਬੀ ਹੈ। ਪਦਮ ਸ੍ਰੀ

[9] ਸਿਮ੍ਰਤੀ ਗ੍ਰੰਥ, ਸੱਤਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, ਪੰਨਾ - 10

[10] ਪੰਜਾਬੀ ਟ੍ਰਿਬਿਊਨ, ਮਿਤੀ 25 ਜਨਵਰੀ 1998, ਪੰਨਾ - 4

ਸੋਹਣ ਸਿੰਘ ਵੀ, ਵੇਦੀ ਸਾਹਿਬ ਦੇ ਸ਼ਾਗਿਰਦ ਸਨ ਜਿਨ੍ਹਾਂ ਦੇ ਸੰਗੀਤਕ ਯੋਗਦਾਨ ਸੰਬੰਧੀ ਰਾਸ਼ਟ੍ਰਪਤੀ ਨੇ 'ਪਦਮ ਸ੍ਰੀ' ਐਵਾਰਡ ਪ੍ਰਦਾਨ ਕੀਤਾ। 'ਸ਼ਾਸ੍ਤੀ-ਗਾਇਕ' ਦੇ ਤੌਰ ਤੇ ਉਨ੍ਹਾਂ ਨੇ ਰਾਸ਼ਟਰੀ ਪੱਧਰ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਭਾਈ ਬਲਬੀਰ ਸਿੰਘ ਜੀ ਨੂੰ ਗੁਰਬਾਣੀ-ਕੀਰਤਨ ਦੇ ਸਬੰਧ ਵਿਚ ਪੰਜਾਬ ਅਤੇ ਰਾਸ਼ਟਰੀ ਪੱਧਰ ਤੇ ਸਨਮਾਨਿਤ ਕੀਤਾ ਗਿਆ। ਡਾ. ਜਾਗੀਰ ਸਿੰਘ ਜੀ (ਚੰਡੀਗੜ੍ਹ) ਨੂੰ ਪੰਜਾਬ ਭਾਸ਼ਾ ਵਿਭਾਗ ਨੇ 'ਸ਼੍ਰੋਮਣੀ-ਰਾਗੀ' ਅਤੇ ਡਾ. ਦਰਸ਼ਨ ਸਿੰਘ ਨਰੂਲਾ (ਮਲੋਟ) ਨੂੰ 'ਗੁਰਬਖਸ਼ ਸਿੰਘ ਪ੍ਰੀਤਲੜੀ' ਪੁਰਸਕਾਰ ਨਾਲ ਸਨਮਾਨਿਆ । ਪਿਛੇ ਜਿਹੇ, ਪ੍ਰਸਿੱਧ ਪੰਜਾਬੀ ਗਾਇਕ, ਹੰਸ ਰਾਜ ਹੰਸ ਨੂੰ (1997), ਵਾਸ਼ਿੰਗਟਨ ਯੂਨੀਵਰਸਿਟੀ ਨੇ 'ਫੈਲੋਸ਼ਿਪ' ਪ੍ਰਦਾਨ ਕੀਤੀ ਹੈ। ਯਾਦਵਿੰਦਰ ਸਿੰਧੂ ਨੇ ਬੀਤੇ ਵਰ੍ਹੇ ਪੰਜਾਬੀ ਗਾਇਕਾਂ ਦਾ ਕਲੰਡਰ ਵੀ ਛਾਪਿਆ ਅਤੇ ਦਸਤਾਵੇਜ਼ੀ ਫਿਲਮਾਂ ਵੀ ਤਿਆਰ ਕੀਤੀਆਂ। ਗੁਰਪ੍ਰੀਤ ਮਾਨ ਅਤੇ ਡਾ. ਗੁਰਬਚਨ ਸਿੰਘ ਮਾਨ ਨੇ ਵਿਦੇਸ਼ੀ ਟੀ.ਵੀ. ਚੈਨਲਾਂ ਤੋਂ ਪੰਜਾਬੀ ਸੰਗੀਤ ਅਤੇ ਸੱਭਿਆਚਾਰ ਸੰਬਧੀ ਅਨੇਕਾਂ ਪ੍ਰੋਗਰਾਮ ਪੇਸ਼ ਕੀਤੇ ਹਨ।

ਸਟੀਵਨਜ਼ ਕਪੂਰ (ਆਪਚੀ ਇੰਡੀਅਨ) ਸ਼ਾਸ਼ਾ ਅਤੇ ਬਿੰਦੂ ਸ੍ਰੀ ਨੇ, ਢੋਲ ਉੱਤੇ ਕਲਾਸੀਕਲ ਸੰਗੀਤ ਅਤੇ 'ਢੋਲ' ਨਾਲ ਪਾਪ-ਮਿਊਜ਼ਿਕ ਦੀ ਨਵੀਂ ਸ਼ੈਲੀ ਨੂੰ ਪੱਛਮੀ ਦੇਸ਼ਾਂ ਵਿਚ ਪ੍ਰਚਲਿਤ ਕੀਤਾ ਹੈ। (ਪੰਜਾਬੀ ਟ੍ਰਿਬਿਊਨ 10-1-98 ਪੰਨਾ 1) ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ, ਗੁਰਦਾਸ ਮਾਨ, ਮਲਕੀਤ ਸਿੰਘ, ਨੁਸਰਤ ਫਤਿਹ ਅਲੀ ਖ਼ਾਂ, ਦਲੇਰ ਮਹਿੰਦੀ ਅਤੇ ਬਾਬਾ ਸਹਿਗਲ ਆਦਿ ਅਨੇਕਾਂ ਪੰਜਾਬੀ ਗਾਇਕਾਂ ਨੇ, ਪੰਜਾਬੀ ਸੰਗੀਤ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੱਕ ਲੋਕਪ੍ਰਿਅ ਬਣਾਇਆ ਹੈ। ਪੰਜਾਬ ਸਕੂਲ ਸਿਖਿਆ ਬੋਰਡ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਗੁਰਮਤਿ ਸੰਗੀਤ ਨੂੰ ਇੱਕ ਵਿਸ਼ੇ ਵਜੋਂ ਸਵੀਕਾਰ ਕੀਤਾ ਹੈ।

ਉਪਰੋਕਤ ਪ੍ਰਾਪਤੀਆਂ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਨ ਕਿ ਪੰਜਾਬੀ ਸੰਗੀਤ ਤੋਂ ਬੜੀਆਂ ਸੰਭਾਵਨਾਵਾਂ ਦੀ ਉਮੀਦ ਹੈ, ਬਸ਼ਰਤੇ ਕਿ ਉਦਾਰ ਹਿਰਦੇ, ਈਮਾਨਦਾਰੀ ਤੇ ਮੇਹਨਤ ਨਾਲ ਕੰਮ ਕੀਤਾ ਜਾਵੇ ਤਾਂ ਇਸ ਖੇਤਰ ਵਿੱਚ ਖੋਜ ਦਾ ਘੇਰਾ ਵਿਸ਼ਾਲ ਹੋ ਸਕਦਾ ਹੈ। ■

## ਸੰਗੀਤ

ਇਹ ਸ਼ਬਦਾਂ ਤੋਂ ਵੀ ਪਹਿਲਾਂ
ਵਾਸ ਕਰਦਾ ਸੀ ਸ੍ਰਿਸ਼ਟੀ 'ਤੇ
ਤੇ ਸ਼ਬਦਾਂ ਨਾਲ ਤੁਰਿਆ ਹੈ
ਉਨ੍ਹਾਂ ਦਾ ਸਾਰਥੀ ਬਣਕੇ

ਇਹ ਉਸ ਵੇਲੇ ਵੀ,
ਸਾਡੇ ਹਿਰਦਿਆਂ ਨੂੰ
ਸ਼ਾਂਤ ਕਰਦਾ ਸੀ,
ਜਦੋਂ ਇਸ ਦਾ ਅਸਾਂ ਹਾਲੇ
ਨਹੀਂ ਸੀ ਨਾਂ ਕੋਈ ਧਰਿਆ
ਤੇ ਨਾ ਹੁਣ ਵਾਂਗ ਇਹ ਹਾਲੇ,
ਅਸਾਂ 'ਭਾਗਾਂ' 'ਚ ਵੰਡਿਆ ਸੀ।

ਇਹਦੇ ਵਿੱਚ ਵਾਸ ਹੈ ਵਾਣੀ ਦਾ,
ਸਾਡੀ ਵੇਦਨਾ ਤੇ ਉਸ ਅਵੱਸਥਾ ਦਾ,
ਜਿਦ੍ਹੇ ਵਿੱਚ ਪਹੁੰਚ ਕੇ ਪਾਣੀ
ਕਦੇ ਊਣਾ ਨਹੀਂ ਰਹਿੰਦਾ।
ਜਾਂ ਜਿਸ ਵਿਚ ਪਹੁੰਚ ਕੇ
ਬੰਦੇ ਦੇ ਮਨ ਨੂੰ ਚੈਨ ਆਉਂਦਾ ਹੈ।

ਇਹ ਸ਼ਬਦਾਂ ਤੋਂ ਵੀ ਪਹਿਲਾਂ
ਵਾਸ ਕਰਦਾ ਸੀ ਸ੍ਰਿਸ਼ਟੀ 'ਤੇ
ਤੇ ਸ਼ਬਦਾਂ ਨਾਲ ਤੁਰਿਆ ਹੈ
ਉਨ੍ਹਾਂ ਦਾ ਸਾਰਥੀ ਬਣਕੇ

ਸ਼ਿਵ ਨਾਥ
1257/C L.I.G., ਫੇਜ਼-10, ਮੋਹਾਲੀ

**ਹਰਮੋਨੀਅਮ ਪ੍ਰਾਪਤ ਕਰੋ**
ਚੰਗੇ ਹਰਮੋਨੀਅਮ ਪ੍ਰਾਪਤ ਕਰਨ ਲਈ ਸੰਪਰਕ ਕਰੋ ।
ਐਚ.ਐਮ. 74, ਫੇਜ਼ 3ਬੀ-1, ਮੁਹਾਲੀ ਫੋਨ : 220474

# ਤਬਲੇ ਦੀ ਪ੍ਰੀਭਾਸ਼ਿਕ ਸ਼ਬਦਾਵਲੀ

*ਹਰਭਜਨ ਸਿੰਘ ਧਾਰੀਵਾਲ**
ਐਮ.ਏ.(ਸੰਗੀਤ), ਬੀ.ਐਡ.

ਤਾਲ : ਤਾਲ ਸ਼ਬਦ 'ਤਲ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਆਧਾਰ ਜਿਸ ਤੇ ਕੋਈ ਵਸਤੂ ਟਿਕੀ ਜਾਂ ਸਥਿਤ ਰਹਿੰਦੀ ਹੈ। ਪੰਡਤ ਸਾਰੰਗ ਦੇਵ ਜੀ ਨੇ ਸੰਗੀਤ ਰਤਨਾਕਰ ਗ੍ਰੰਥ ਵਿੱਚ ਤਾਲ ਨੂੰ ਪ੍ਰਭਾਸ਼ਿਤ ਕਰਦਿਆਂ ਲਿਖਿਆ ਹੈ ਕਿ, 'ਗੀਤ, ਵਾਦਯ ਤੇ ਨ੍ਰਿਤ ਨੂੰ ਆਧਾਰ ਪ੍ਰਦਾਨ ਕਰਨ ਵਾਲੇ ਅਤੇ ਸਸ਼ਬਦ ਤੇ ਨਿਸ਼ਬਦ ਕ੍ਰਿਆਵਾਂ ਦੁਆਰਾ ਲਘੂ ਗੁਰੂ ਆਦਿ ਵਿੱਚ ਵਿਭਾਜਿਤ ਹੋ ਕੇ ਪਰਿਮਾਪ ਕੀਤੇ ਜਾਣ ਵਾਲੇ 'ਕਾਲ' ਨੂੰ 'ਤਾਲ' ਕਿਹਾ ਜਾਂਦਾ ਹੈ।[1]

ਸੰਗੀਤ ਵਿੱਚ ਸਮੇਂ ਨੂੰ ਮਾਪਣ ਦੇ ਸਾਧਨ ਨੂੰ 'ਤਾਲ' ਕਿਹਾ ਗਿਆ ਹੈ, ਜੋ ਵਿਭਾਗ ਤੇ ਮਾਤ੍ਰਾਵਾਂ ਦੇ ਸਮੂਹ ਨਾਲ ਬਣਦਾ ਹੈ। ਕਾਲ ਤੋਂ ਲੈਅ, ਲੈਅ ਤੋਂ ਮਾਤ੍ਰਾ ਤੇ ਮਾਤ੍ਰਾ ਤੋਂ ਤਾਲ ਦੀ ਪਦਾਇਸ਼ ਹੋਈ ਹੈ।[2]

ਸੰਗੀਤ ਰੂਪੀ ਭਵਨ ਦੀ ਨੀਂਹ 'ਤਾਲ' ਹੈ। ਜਿਸ 'ਤੇ ਸੰਪੂਰਨ ਸੰਗੀਤ ਖੜਾ ਜਾਂ ਟਿਕਿਆ ਹੈ। ਹਿੰਦੋਸਤਾਨੀ ਸੰਗੀਤ ਵਿੱਚ ਅਨੇਕਾਂ ਤਾਲ ਪ੍ਰਚਲਿਤ ਹਨ, ਜੋ ਆਪੋ ਆਪਣੀ ਚਾਲ ਤੇ ਵਿਸ਼ੇਸ਼ਤਾ ਕਰਕੇ ਵੱਖ-ਵੱਖ ਗਾਇਨ ਸ਼ੈਲੀਆਂ ਧਰੁਵਪਦ, ਧਮਾਰ, ਵੱਡਾ ਤੇ ਛੋਟਾ ਖਿਆਲ, ਠੁਮਰੀ, ਤਰਾਨਾ ਆਦਿ। ਵਾਦਨ, ਵਿੱਚ ਮਸੀਤਖਾਨੀ ਤੇ ਰਜਾਖਾਨੀ ਗਤਾਂ, ਤੇ ਝਾਲਾਂ ਆਦਿ ਤੇ ਨ੍ਰਿਤ ਆਦਿ ਨੂੰ ਆਧਾਰ ਪ੍ਰਦਾਨ ਕਰਦੇ ਹਨ। ਜਿਵੇਂ ਚਾਰਤਾਲ, ਤੀਵਰਾ, ਤਿੰਨਤਾਲ, ਏਕਤਾਲ, ਝੂੰਮਰਾ, ਆੜਾ ਚਾਰਤਾਲ ਦੀਪਚੰਦੀ, ਤੇ ਰੂਪਕ ਤਾਲ ਆਦਿ। ਤਾਲ ਦੇ ਕਾਰਨ ਹੀ ਸੰਗੀਤ ਵਿੱਚ ਰੰਜਕਤਾ ਤੇ ਆਕਰਸ਼ਣ ਆਦਿ ਦੇ ਗੁਣ ਹੁੰਦੇ ਹਨ। ਜੇਕਰ ਅਸੀਂ ਤਾਲ ਨੂੰ ਸੰਪੂਰਨ ਸੰਗੀਤ ਦੀ ਰੂਹ ਜਾਂ ਜਾਨ ਕਹਿ ਲਈਏ ਤਾਂ ਕੋਈ ਅਤਿ ਕਥਨੀ ਨਹੀਂ ਹੋਵੇ ਗੀ।

ਮਾਤ੍ਰਾ : ਤਾਲ ਨਾਪਣ ਦੀ ਇਕਾਈ ਨੂੰ 'ਮਾਤ੍ਰਾ' ਕਿਹਾ ਜਾਂਦਾ ਹੈ। ਡਾ. ਐਸ.ਐਸ. ਪਰਜਾਤ ਦੇ ਅਨੁਸਾਰ "ਮਾਤ੍ਰਾ ਸਮੇਂ ਨੂੰ ਨਾਪਣ ਦਾ ਛੋਟੇ ਤੋਂ ਛੋਟਾ ਪੈਮਾਨਾ ਹੈ।"[3]

ਸੰਗੀਤ ਵਿੱਚ ਤਾਲ ਨੂੰ ਮਾਤ੍ਰਾ ਦੀ ਇਕਾਈ ਨਾਲ ਨਾਪਿਆ ਜਾਂਦਾ ਹੈ। ਜਿਵੇਂ ਤੇਲ ਤੇ ਦੁੱਧ ਆਦਿ ਨੂੰ ਲੀਟਰਾਂ ਵਿੱਚ ਭਾਰ ਨੂੰ ਕਿਲੋਗਰਾਮਾਂ, ਮਣਾਂ ਤੇ ਟਨਾਂ ਆਦਿ ਵਿੱਚ ਤੇ ਲੰਬਾਈ ਨੂੰ ਮੀਟਰਾਂ, ਕਿਲੋਮੀਟਰਾਂ ਰਾਹੀਂ ਮਾਪਿਆ ਜਾਂਦਾ ਹੈ ਠੀਕ ਇਸੇ ਪ੍ਰਕਾਰ ਹੀ 'ਤਾਲ' ਨੂੰ ਮਾਪਣ ਦੀ ਇਕਾਈ 'ਮਾਤ੍ਰਾ' ਨਿਰਧਾਰਿਤ ਕੀਤੀ ਗਈ ਹੈ। ਉਤਰੀ ਸੰਗੀਤ ਪੱਧਤੀ ਵਿੱਚ ਮਾਤ੍ਰਾ ਨੂੰ ਲਿਖਤੀ ਰੂਪ 'ਚ ਦਰਸਾਉਣ ਲਈ '◡' ਦਾ ਚਿੰਨ ਇੱਕ ਮਾਤ੍ਰਾ ਦਾ ਪ੍ਰਤੀਕ ਹੈ। ਜਿਵੇਂ : ਧਾ, ਤਿਟ, ਧਾਗੇਨਾ, ਤਿਰਕਿਟ।

ਠੇਕਾ : 'ਠੇਕਾ' ਦਾ ਸ਼ਬਦਿਕ ਅਰਥ ਹੈ, ਠਿਕਾਣਾ, ਠੇਕੇ ਦਾਰੀ, ਜਾਂ ਨਿਸ਼ਚਿਤ ਸਥਾਨ, ਨਿਸ਼ਚਿਤ ਵਿਸ਼ੇ ਨੂੰ ਲੈ ਕੇ ਜਾਂ ਸ਼ਬਦ ਨੂੰ ਲੈ ਕੇ ਨਿਰਣਾ ਕੀਤੇ ਹੋਏ ਵਰਣ ਜਾਂ ਸੰਖਿਆ ਦੇ ਸਮੂਹ ਨੂੰ ਠੇਕਾ ਕਹਿੰਦੇ ਹਨ।[4]

ਉਸਤਾਦ ਲਛਮਣ ਸਿੰਘ ਸੀਨ ਜੀ ਦੇ ਮੁਤਾਬਿਕ ਠੇਕਾ ਤਾਲ ਦੀ ਉਹ ਰਚਨਾ ਹੈ, ਜੋ ਗਾਇਨ, ਵਾਦਨ ਤੇ ਨ੍ਰਿਤ ਨੂੰ ਆਧਾਰ ਪ੍ਰਦਾਨ ਕਰਦੇ ਸਮੇਂ ਸ਼ੁਰੂ ਤੋਂ ਅੰਤ ਤੱਕ ਨਾ ਬਦਲੇ।[5]

ਤਬਲੇ ਦੇ ਬੋਲਾਂ ਦੀ ਉਹ ਰਚਨਾ ਜੋ 'ਤਾਲ' ਦੇ ਸਰੂਪ ਨੂੰ ਸਪਸ਼ਟ ਕਰੇ। ਕਿਸੇ ਵੀ ਤਾਲ ਦੇ ਮੂਲ ਓਹੀ ਰਹਿਣਗੇ। 'ਠੇਕਾ' ਗਾਇਨ ਵਾਦਨ ਸ਼ੈਲੀਆ ਤੇ ਵੀ ਨਿਰਭਰ ਕਰਦਾ ਹੈ ਭਾਵ ਵਿਲੰਬਤ ਏਕਤਾਲ ਦਾ ਠੇਕਾ ਭਰਿਆ ਹੋਇਆ ਹੁੰਦਾ ਹੈ, ਮੱਧ ਲੈਅ ਦਾ ਠੇਕਾ ਸ਼ੁਧ ਹੋਵੇਗਾ ਤੇ ਦਰੁੱਤ ਏਕਤਾਲ ਦਾ ਠੇਕਾ ਵੀ ਤਾਲ ਦੇ ਸਰੂਪ ਨੂੰ ਮੁੱਖ ਰਖਦੇ ਹੋਏ ਬੋਲਾਂ ਵਿੱਚ ਪ੍ਰੀਵਰਤਨ ਹੋ ਜਾਂਦਾ ਹੈ। ਠੇਕੇ ਦਾ ਧੁਰਾ ਤਾਲ ਦੀ ਪਹਿਲੀ ਮਾਤ੍ਰਾ ਹੈ ਜਿਸ ਦੇ ਆਲੇ ਦੁਆਲੇ ਠੇਕਾ ਚੱਕਰ ਕੱਟਦਾ ਰਹਿੰਦਾ ਹੈ।

ਤਾਲ ਦੇ ਵਿਭਾਗ, ਤਾਲੀ, ਖਾਲੀ ਦੇ ਅਨੁਕੂਲ ਵੱਖ-ਵੱਖ ਬੋਲ ਸਮੂਹ ਰਚਨਾ ਨੂੰ ਠੇਕਾ ਕਿਹਾ ਜਾਂਦਾ ਹੈ।[6]

ਉਦਾਹਰਣ ਵਜੋਂ ਠੇਕਾ ਤਾਲ ਦਾਦਰਾ 6 ਮਾਤ੍ਰਾ

| | | | | | | | | | |
|---|---|---|---|---|---|---|---|---|---|
| ਧਾ | ਤਿੰਨ | ਤਿੰਨ | \| | ਤਾਤਾ | ਧਿੰਨ | ਧਿੰਨ | \| | ਧਾ |
| x | | | | 0 | | | | x |

ਵਿਭਾਗ : ਤਾਲ ਵਿੱਚ ਵਿਭਾਗ ਤੋਂ ਭਾਵ ਹਿੱਸੇ, ਭਾਗ ਜਾਂ ਵੰਡ ਹੁੰਦੀ ਹੈ। ਹਰੇਕ ਤਾਲ ਵਿਚਲੀਆਂ ਮਾਤ੍ਰਾਵਾਂ ਤੇ ਬੋਲਾਂ ਦੀ ਵਿਭਾਗੀ ਵੰਡ ਕਰਕੇ ਹੀ ਤਾਲ ਦਾ ਚਲਨ ਜਾਂ ਚਾਲ ਬਣਦੀ ਹੈ। ਉਦਾਹਰਣ ਦੇ ਤੌਰ ਤੇ ਝਪਤਾਲ ਦੇ 2-3, 2-3 ਮਾਤ੍ਰਾ ਦੇ ਚਾਰ ਵਿਭਾਗ ਹਨ ਇੱਕ ਵਿਭਾਗ ਵਿੱਚ ਇੱਕ ਤੋਂ ਪੰਜ ਮਾਤ੍ਰਾਵਾਂ ਤੱਕ ਦੇ ਬੋਲ ਹੋ ਸਕਦੇ ਹਨ। ਹਰ ਵਿਭਾਗ ਦੀ ਪਹਿਲੀ ਮਾਤ੍ਰਾ ਤਾਲੀ ਜਾਂ ਖਾਲੀ

* #1447/10, ਸੈਕਟਰ 65, ਐਸ.ਐਸ. ਨਗਰ, ਚੰਡੀਗੜ੍ਹ

1. ਪੰ. ਸਾਰੰਗਦੇਵ, ਸੰਗੀਤ ਰਤਨਕਾਰ (ਭਾਗ-3), 5/3, ਪੰਨਾ 4
2. ਵਾਲੀਆ ਡੇਜੀ, ਸੁਰ-ਕਾਵਿ ਵਿੱਚ ਸੰਗੀਤ ਲਲਿਤ ਪੰਨਾ, 108
3. ਡਾ. ਸਰਚੰਦਰ ਸ੍ਰੀਪਰਾਂਜੇ, 'ਸੰਗੀਤ ਬੋਧ', ਪੰਨਾ 73
4. ਗੁਰੂ ਨਾਥ ਸ਼ਿਵਪੂਜੀ, ਲੈਅ ਸ਼ਾਸਤਰ, ਪੰਨਾ 33-34
5. ਉਸਤਾਦ ਲਛਮਣ ਸਿੰਘ ਸੀਨ (ਪੰਜਾਬ ਘਰਾਣਾ)
6. ਸੰਗੀਤ 'ਤਬਲਾ ਅੰਕ', ਪੰਨਾ 77

ਪੰਡਤ ਸਾਰੰਗਦੇਵ ਦੇ ਅਨੁਸਾਰ, 'ਤਾਲ ਕ੍ਰਿਆ ਦੇ ਬਾਅਦ ਹੋਣ ਵਾਲੀ ਵਿਸ਼ਰਾਂਤ ਹੀ ਲੈਅ ਹੈ।'[9]

'ਲੈਅ' ਸ਼ਬਦ ਦੀ ਉਤਪਤੀ 'ਲੀ' ਧਾਤੂ ਤੋਂ ਹੋਈ ਹੈ ਜਿਸ ਦਾ ਅਰਥ ਹੈ ਸੰਯੋਗ, ਇਕਰੂਪਤਾ ਮਿਲਨ। ਭਾਵ ਜਦੋਂ ਦੋ ਦੇ ਵਿੱਚ ਇਕਰੂਪਤਾ ਇਸ ਪ੍ਰਕਾਰ ਸਮਾ ਜਾਏ ਕਿ ਉਸਦਾ ਅੰਤਰਾਲ ਨ ਘੱਟ ਹੋਵੇ ਨਾ ਵੱਧ ਹੋਵੇ, ਤਾਂ ਉਸ ਨੂੰ ਲੈਅ ਕਹਿੰਦੇ ਹਨ।[10]

ਪ੍ਰਭਾਸ਼ਿਕ ਅਰਥ ਵਿੱਚ ਲੈਅ ਕਾਲ-ਮਾਪਣ ਦਾ ਅਧਾਰ ਹੈ ਕਿਉਂਕਿ ਕਾਲ ਸੰਗੀਤ ਦਾ ਆਧਾਰਭੂਤ ਤੱਤ ਹੈ।

ਸਾਧਾਰਨ ਤੌਰ ਤੇ ਲੈਅ ਨੂੰ ਤਿੰਨ ਰੂਪਾਂ ਵਿੱਚ ਵੰਡਿਆ ਗਿਆ ਹੈ ਅਤੇ ਇਸੇ ਤਰ੍ਹਾਂ ਹੀ ਅਸਾਧਰਨ ਤੌਰ ਤੇ ਵੀ ਲੈਅ ਦੇ ਤਿੰਨ ਰੂਪ ਹਨ।

**ਲੈਅ ਸੰਬੰਧੀ ਟੇਬਲ**

- ਲੈਅ
  - ਸਾਧਾਰਨ
    - ਵਿਲੰਬਿਤ ਲੈਅ
    - ਮੱਧ ਲੈਅ
    - ਦਰੁਤ ਲੈਅ
  - ਅਸਾਧਰਨ
    - ਆੜ ਲੈਅ
    - ਕੁਆੜ ਲੈਅ
    - ਬਿਆੜ ਲੈਅ

**ਵਿਲੰਬਿਤ ਲੈਅ** : ਸਮੇਂ ਦੀ ਸਾਧਾਰਨ ਚਾਲ ਦੀ ਠੀਕ ਦੁਗਣੀ ਘੱਟ ਚਾਲ ਹੀ ਵਿਲੰਬਿਤ ਹੈ। ਵਿਲੰਬਿਤ ਲੈਅ ਦੀ ਠੀਕ ਦੁਗਣੀ ਘੱਟ ਚਾਲ ਅਤਿ-ਵਿਲੰਬਿਤ ਲੈਅ ਕਹਾਉਂਦੀ ਹੈ। ਇਸ ਲੈਅ ਵਿੱਚ ਵੱਡਾ ਖਿਆਲ, ਛੋਟਾ ਖਿਆਲ, ਮਸੀਤ ਖਾਨੀ ਗਤ ਤੋਂ ਇਲਾਵਾ ਗੁਰਬਾਣੀ ਕੀਰਤਨ ਵਿੱਚ ਮੰਗਲਾਚਰਣ ਆਦਿ ਪੇਸ਼ ਕੀਤੇ ਜਾਂਦੇ ਹਨ। ਤਿੰਨ ਤਾਲ, ਏਕਤਾਲ, ਆੜਾ ਚਾਰ ਤਾਲ ਤੇ ਝੂਮਰਾ ਆਦਿ ਤਾਲ ਵਿਲੰਬਿਤ ਲੈਅ ਵਿੱਚ ਵਜਾਏ ਜਾਂਦੇ ਹੈ।

**ਮੱਧ ਲੈਅ** : ਸਮੇਂ ਦੀ ਉਹ ਚਾਲ ਹੈ ਜੋ ਨਾ ਤਾਂ ਹੌਲੀ ਹੋਵੇ ਨਾ ਤੇਜ਼ ਭਾਵ ਵਿਚਕਾਰਲੀ ਹੀ ਮੱਧ ਲੈਅ ਕਹਾਉਂਦੀ ਹੈ। ਵਿਲੰਬਿਤ ਲੈਅ ਦੀ ਠੀਕ ਦੁਗਣੀ ਤੇਜ਼ ਲੈਅ ਨੂੰ ਮੱਧ ਲੈਅ ਕਿਹਾ ਜਾਂਦਾ ਹੈ। ਇਸ ਲੈਅ ਵਿੱਚ ਛੋਟਾ ਖਿਆਲ, ਸ਼ਬਦ ਅਤੇ ਭਜਨ ਆਦਿ ਗਾਏ ਜਾਂਦੇ ਹਨ। ਰਜਾਖਾਨੀ ਗਤਾਂ ਵੀ ਇਸ ਲੈਅ ਵਿੱਚ ਵਜਾਈਆਂ ਜਾਂਦੀਆਂ ਹਨ।

**ਦਰੁੱਤ ਲੈਅ** : ਦਰੁੱਤ ਲੈਅ ਤੋਂ ਭਾਵ ਤੇਜ਼ ਗਤੀ ਹੈ, ਵਿਲੰਬਿਤ ਲੈਅ ਦੀ ਠੀਕ ਚਾਰ ਗੁਣਾਂ ਤੇਜ਼ ਗਤੀ ਅਤੇ ਮੱਧ ਲੈਅ ਦੀ ਠੀਕ ਦੁਗਣੀ ਤੇਜ਼ ਲੈਅ ਦਰੁਤ ਲੈਅ ਕਹਾਉਂਦੀ ਹੈ। ਇਸ ਲੈਅ ਵਿੱਚ ਤਰਾਨਾ, ਤੇ ਝਾਲਾ ਆਦਿ ਵਜਾਏ ਜਾਂਦੇ ਹਨ।

ਇਸ ਤੋਂ ਇਲਾਵਾ ਲੈਅ ਦੇ ਅਸਾਧਰਨ ਪ੍ਰਕਾਰ, ਆੜ, ਕੁਆੜ, ਤੇ ਬੇਆੜ ਮੰਨੇ ਗਏ ਹਨ।

**ਲੈਅਕਾਰੀ** : ਗਾਇਨ ਵਾਦਨ ਤੇ ਨ੍ਰਿਤ ਦੀ ਪੇਸ਼ਕਾਰੀ ਕਰਦੇ ਸਮੇਂ ਜਦੋਂ ਕਲਾਕਾਰ ਵਲੋਂ ਮੂਲ ਲੈਅ ਦੇ ਆਧਾਰ 'ਤੇ ਲੈਅ ਦੇ ਭਿੰਨ ਭਿੰਨ ਰੂਪਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਨ ਕੀਤਾ ਜਾਂਦਾ ਹੈ ਤਾਂ ਇਸ ਨੂੰ ਲੈਅਕਾਰੀ ਕਹਿੰਦੇ ਹਨ। ਲੈਅਕਾਰੀ ਕਲਾਕਾਰ ਦੀ ਯੋਗਤਾ 'ਤੇ ਨਿਰਭਰ ਕਰਦੀ ਹੈ।

**ਤਿਹਾਈ** : ਤਬਲੇ ਦੇ ਕਿਸੇ ਬੋਲ ਸਮੂਹ ਨੂੰ ਜਦੋਂ 'ਧਾ' ਸਹਿਤ ਤਿੰਨਵਾਰੀ ਵਜਾਇਆ ਜਾਵੇ ਕਿ ਉਸ ਬੋਲ ਸਮੂਹ ਦਾ ਅੰਤਿਮ 'ਧਾ' ਤਾਲ ਦੇ 'ਸਮ' ਸਥਾਨ ਤੇ ਆਏ ਤਾਂ ਅਜਿਹੀ ਰਚਨਾ ਨੂੰ ਤਿਹਾਈ ਕਿਹਾ ਜਾਂਦਾ ਹੈ। ਆੜਾ ਚਾਰ ਤਾਲ ਦੀ ਸਾਧਾਰਨ ਤਿਹਾਈ ਦਾ ਉਦਾਹਰਣ :

ਧਾਤਿਰ ਕਿਟਤਕ | ਤਿਰਕਿਟ ਧਾਤੀ |
x 2

ਧਾ ਧਾਤਿਰ | ਕਿਟਕਤ
0 3

ਤਿਰਕੱਟ | ਧਾਤੀ ਧਾ | ਧਾਤਿਰ
0 4

ਕਿਟਤਕ | ਤਿਰਕਟ ਧਾਤੀ | ਧਿਨ
0 x

ਤਿਹਾਈਆਂ ਵੀ ਅਨੇਕਾਂ ਪ੍ਰਕਾਰ ਦੀਆਂ ਹੁੰਦੀਆਂ ਹਨ। ਜਿਵੇਂ, ਦਮਦਾਰ ਤਿਹਾਈ, ਬੇਦਮ, ਚਕਰਦਾਰ ਤਿਹਾਈ ਆਦਿ।

**ਦਮਦਾਰ ਤਿਹਾਈ** : ਜਦੋਂ ਤਿਹਾਈ ਦੇ ਪਹਿਲੇ ਪੱਲੇ ਦੇ ਅੰਤਿਮ 'ਧਾ' ਤੋਂ ਬਾਅਦ ਇੱਕ ਜਾਂ ਅੱਧੀ ਜਾਂ ਦੋ ਮਾਤ੍ਰਾ ਆਦਿ ਦਾ ਠਹਰਾਉ ਦੇ ਕੇ ਬੋਲ ਨੂੰ ਲਗਾਤਾਰ ਤਿੰਨ ਵਾਰ ਵਜਾਇਆ ਜਾਂਦਾ ਹੈ ਤਾਂ ਉਸ ਨੂੰ ਦਮਦਾਰ ਤਿਹਾਈ ਕਹਿੰਦੇ ਹਨ।

ਉਦਾਹਰਣ ਤਾਲ ਰੂਪਕ ਦੀ ਤਿਹਾਈ

ਧਾਤੀ ਧਾ- -- | ਧਾਤੀ ਧਾ- | -- ਧਾਤੀ | ਤਿੰਨ
⊗ 1 2 ⊗

**ਬੇਦਮ ਤਿਹਾਈ** : ਜਦੋਂ ਤਿਹਾਈ ਦੇ ਇੱਕੋ ਪੱਲੇ ਨੂੰ 'ਧਾ' ਸਹਿਤ ਬਿਨਾਂ ਠਹਿਰਾਉ ਦਿੱਤਿਆਂ ਲਗਾਤਾਰ ਤਿੰਨ ਵਾਰੀ ਵਜਾਇਆ ਜਾਵੇ ਤਾਂ ਉਹ ਬੇਦਮ ਤਿਹਾਈ ਹੁੰਦੀ ਹੈ।

9. ਪੰਡਤ ਸਾਰੰਗ ਦੇਵ 'ਸੰਗੀਤ ਰਤਨਾਕਰ' ਸਲੋਕ 44, ਪੰਨਾ 24

10. ਵਾਲੀਆ ਫੇਜੀ, 'ਸੁਰ ਕਾਵਿ ਵਿੱਚ ਸੰਗੀਤ ਲਲਿਤ' ਪੰਨਾ 106

ਉਦਾਹਰਣ ਤਿਹਾਈ ਰੂਪਕ ਤਾਲ :

| | | | | |
|---|---|---|---|---|
| ਤਿਰਕਿਟ | ਧਾ-ਤੀ | ਧਾ-ਤਿਰ | \| | ਕਿਟਧਾ- |
| ⊗ | | | | 1 |
| ਤੀ-ਧਾ- | \| | ਤਿਰਕਿਟ | ਧਾ-ਤੀ- | ਤਿੰਨ |
| | | 2 | | ⊗ |

**ਕਾਇਦਾ** : ਕਾਇਦਾ ਉਰਦੂ ਦੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, ਢੰਗ, ਤਰੀਕਾ ਜਾਂ ਨਿਯਮ। ਤਾਲ ਦੇ ਬੋਲ ਸਮੂੰਹਾਂ ਦੀ ਅਜਿਹੀ ਰਚਨਾ ਜਿਸ ਦਾ ਵਿਸਥਾਰ ਹੋ ਸਕੇ ਜੋ ਤਾਲ ਦੇ ਠੇਕੇ ਦੇ ਅਨੁਸਾਰ ਹੋਵੇ, ਕਾਇਦਾ ਕਹਾਉਂਦੀ ਹੈ, (ਕਾਇਦੇ ਸਬੰਧੀ ਪੂਰੀ ਜਾਣਕਾਰੀ ਪ੍ਰਾਪਤ ਕਰਨ ਲਈ ਲੇਖਕ ਦੇ ਮਹੀਨਾ ਜੁਲਾਈ 1996 ਵਿੱਚ 'ਅੰਮ੍ਰਿਤ ਕੀਤਰਨ' ਵਿਚ ਛਪੇ ਲੇਖ 'ਸੋਲੋ ਤਬਲਾ ਵਾਦਨ ਵਿੱਚ ਕਾਇਦੇ ਦਾ ਮਹੱਤਵ' ਨੂੰ ਪੜ੍ਹਨ ਦੀ ਖੇਚਲ ਕੀਤੀ ਜਾਵੇ ਜੀ।)

ਉਦਾਹਰਣ ਕਾਇਦਾ ਤਿੰਨ ਤਾਲ :

| | | | | | | | | |
|---|---|---|---|---|---|---|---|---|
| ਧਾਟ | ਗਧੇ | ਗਿਨਾ | ਧਾੜਾ | \| | ਗਿਨਾ | ਧਾਗੇ | ਤਿਨਾ | ਕਿਨਾ |
| x | | | | | 2 | | | |
| ਤਾਟ | ਕਤੇ | ਕਿਨਾ | ਤਾੜਾ | \| | ਗਿਨਾ | ਧਾਗੇ | ਧਿਨਾ | ਗਿਨਾ |
| 0 | | | | | 2 | | | |

**ਪਲਟਾ/ਪਲਟੇ** : ਕਾਇਦੇ ਦੇ ਵਿਸਥਾਰ ਸੰਬੰਧੀ ਨਿਯਮਾਂ ਨੂੰ ਮੁੱਖ ਰੱਖਦੇ ਹੋਏ ਜਦੋਂ ਕਾਇਦੇ ਦੇ ਬੋਲਾਂ ਨੂੰ ਉਲਟ-ਪੁਲਟ ਭਾਵ ਅੱਗੇ ਪਿੱਛੇ ਕਰਕੇ ਵਜਾਇਆ ਜਾਂਦਾ ਹੈ ਤਾਂ ਅਜਿਹੀ ਰਚਨਾ ਪਲਟਾ ਕਹਾਉਂਦੀ ਹੈ। ਕਾਇਦੇ ਦਾ ਵਿਸਥਾਰ ਪਲਟਿਆਂ ਰਾਹੀਂ ਕੀਤਾ ਜਾਂਦਾ ਹੈ।

ਉਦਾਹਰਣ ਦੇ ਤੌਰ ਤੇ

| | | | | | | | |
|---|---|---|---|---|---|---|---|
| ਧਾੜਾ | ਗਿਨਾ | ਧਾਟ | ਗਧੇ | ਗਿਨਾ | ਧਾਗੇ | ਤਿਨਾ | ਕਿਨਾ |
| ਤਾੜਾ | ਕਿਨਾ | ਤਾਟ | ਕਤੇ | ਗਿਨਾ | ਧਾਗੇ | ਧਿਨਾ | ਗਿਨਾ |

**ਰੇਲਾ** : ਤਾਲ ਦੇ ਠੇਕੇ ਅਨੁਕੂਲ ਤਬਲਾ/ਪਖਾਵਜ ਦੇ ਬੋਲ ਦੇ ਸਮੂਹ ਜੋ ਤੇਜ਼ ਗਤੀ ਵਿੱਚ ਵੱਜ ਸਕੇ ਰੇਲਾ ਅਖਵਾਉਂਦੀ ਹੈ। ਕਾਇਦੇ ਵਾਂਗ ਰੇਲੇ ਦਾ ਵਿਸਥਾਰ ਪਲਟਿਆਂ ਰਾਹੀਂ ਕੀਤਾ ਜਾਂਦਾ ਹੈ। ਜਿਸ ਵਿੱਚ ਕਾਇਦੇ ਵਾਂਗੂ ਕਠੋਰ ਨਿਯਮ ਨਹੀਂ ਹੁੰਦੇ। ਉਦਾਹਰਣ ਰੇਲਾ ਤਿੰਨ ਤਾਲ :

| | | | |
|---|---|---|---|
| ਧਾਤਿਰ | ਕਿਟਤਕ | ਤਿਰਕਿਟ | ਧਾਤਿਰ |
| x | | | |
| ਕਿਟਤਕ | ਤਿਰਕਿਟ | ਧਾਤਿਰ | ਕਿਟਤਕ |
| 2 | | | |
| ਤਾਤਿਰ | ਕਿਟਤਕ | ਤਿਰਕਿਟ | ਤਾਤਿਰ |
| 0 | | | |
| ਕਿਟਤਕ | ਤਿਰਕਿਟ | ਧਾਤਿਰ | ਕਿਟਤਕ |
| 2 | | | |

**ਮੁਖੜਾ** : ਇਹ ਇੱਕ ਅਜਿਹੀ ਰਚਨਾ ਹੈ ਜਿਸ ਦਾ ਪ੍ਰਯੋਗ 'ਸਮ' ਸਥਾਨ ਤੱਕ ਪਹੁੰਚਣ ਤੋਂ ਪਹਿਲਾਂ ਕੀਤਾ ਜਾਂਦਾ ਹੈ। ਇਹ ਰਚਨਾ ਛੋਟੀ ਹੁੰਦੀ ਹੈ। ਉਦਾਹਰਣ ਦੇ ਲਈ ਮੁਖੜਾ 2 ਮਾਤ੍ਰਾ ਦਾ :

| | | | |
|---|---|---|---|
| ਕੱਤਤਿਰਕਿਟ | ਨਕਤਕਤਿਰਕਿਟ | \| | ਧਾ |
| | | | x |

**ਟੁਕੜਾ** : ਸਮ ਸਥਾਨ ਤੋਂ ਉੱਠਣ ਵਾਲੀ ਇਹ ਉਹ ਰਚਨਾ ਹੈ ਜੋ ਤਿਹਾਈ ਸਹਿਤ ਹੁੰਦੀ ਹੈ। ਅਜਿਹੀ ਰਚਨਾ ਰਾਹੀਂ ਕਲਾਕਾਰ 'ਸਮ' ਤੇ ਆ ਕੇ ਠੇਕੇ ਵਿੱਚ ਪਹੁੰਚਦਾ ਹੈ।

ਉਦਾਹਰਣ ਲਈ ਟੁਕੜਾ ਤਿੰਨ ਤਾਲ :

| | | | | | |
|---|---|---|---|---|---|
| ਧਿਨ | ਤਾ- | ਘੇਘੇ | ਤਿਟ | ਤਿਟ | ਤਿਰਕਿਟ |
| ਨਕਤਕ | | ਕੜਾ-ਨ | | ਧਾ- | ਤਿਰਕਿਟ |
| ਨਕਤਕ | | ਕੜਾ-ਨ | | ਧਾ- | ਤਿਰਕਿਟ |
| ਨਕਤਕ | | ਕੜਾ-ਨ | \| | ਧਾ | |
| | | | | x | |

**ਪਰਣ** : ਇਹ ਇੱਕ ਪਖਾਵਜ ਦੀ ਚੀਜ਼ ਹੈ, ਪੰਜਾਬ ਘਰਾਣੇ ਦਾ ਤਬਲਾ ਪਖਾਵਜ 'ਤੇ ਆਧਾਰਿਤ ਹੋਣ ਕਰਕੇ ਪੰਜਾਬ ਬਾਜ ਵਿੱਚ ਇਸ ਦਾ ਵਿਸ਼ੇਸ਼ ਮਹੱਤਵ ਹੈ। ਇਹ ਇੱਕ ਪ੍ਰਕਾਰ ਦਾ ਟੁਕੜਾ ਹੀ ਹੈ ਜਿਸ ਵਿੱਚ ਜ਼ੋਰਦਾਰ ਬੋਲ ਸ਼ਾਮਿਲ ਹੁੰਦੇ ਹਨ ਅਤੇ ਸਿਆਹੀ ਤੇ ਮੈਦਾਨ ਦੇ ਬੋਲ ਜ਼ਿਆਦਾਤਰ ਹੁੰਦੇ ਹਨ। ਲੰਮੇ ਟੁਕੜੇ ਨੂੰ ਵੀ ਪਰਣ ਕਿਹਾ ਜਾ ਸਕਦਾ ਹੈ। ਇਸ ਵਿੱਚ ਧਾਗੇ ਤਿਟ, ਤਾਗੇ ਤਿਟ, ਧੇਤ, ਧੜਾ-ਨ, -ਧਿਰਧਿਰ, ਕਿਟਤਕ, ਤਕਕੜਾ-ਨ ਆਦਿ ਬੋਲ ਹੁੰਦੇ ਹਨ।

ਉਦਾਹਰਣ :

| | | | | |
|---|---|---|---|---|
| ਧਿਰਧਿਰ | ਕਿਟਤਕ | ਤਾ- | -- | ਤਿਟ |
| ਘੇਘੇ | ਦਿਨ | -- | ਨਗ | ਧੇਤ |
| -- | ਕਤਾ | ਘੇ- | ਤਰਾ | -ਨ |
| ਧਾ- | ਦਿ- | ਤਾ- | ਕ- | ਤਿ- |
| ਟ- | ਧਿਰਧਿਰ | ਕਿਟਤਕ | ਤ-ਕੜ | ਧਾ- |
| ਧਿਰਧਿਰ | ਕਿਟਤਕ | ਤ-ਕੜ | ਧਾ- | ਧਿਰਧਿਰ |
| ਕਿਟਤਕ | ਤ-ਕੜ | \| ਧਾ | | |
| | | x | | |

ਇਹ ਕਈ ਪ੍ਰਕਾਰ ਦੀ ਹੁੰਦੀ ਹੈ, ਜਿਵੇਂ ਚਕਰਦਾਰ ਪਰਣ, ਫਰਮਾਇਸ਼ੀ ਪਰਣ, ਕਮਾਲੀ ਪਰਣ ਆਦਿ।

**ਅਵਰਤਨ** : ਤਾਲ ਦੇ ਠੇਕੇ ਦੁਆਰਾ 'ਸਮ' ਰੂਪੀ ਧੁਰੇ ਦੁਆਲੇ ਬਾਰ ਬਾਰ ਚੱਕਰ ਕੱਟਣਾ ਅਵਰਤਨ ਹੈ। ਜਿਵੇਂ, ਤਿੰਨ ਤਾਲ ਦੇ ਠੇਕੇ ਨੂੰ ਜੇਕਰ ਅਸੀਂ ਬਿਨ੍ਹਾਂ ਰੁਕੇ ਚਾਰ ਵਾਰ ਵਜਾਉਂਦੇ ਹਾਂ ਤਾਂ ਅਸੀਂ ਇਸ ਨੂੰ ਸੰਗੀਤਕ ਭਾਸ਼ਾ ਵਿਚ ਤਿੰਨ ਤਾਲ ਦੇ ਚਾਰ ਅਵਰਤਨ ਕਹਾਂਗੇ।

**ਨਗਮਾ ਜਾਂ ਲਹਿਰਾ** : ਕਿਸੇ ਰਾਗ ਦੇ ਸਵਰ ਸਮੂਹ ਦੀ ਉਹ ਬੰਦਿਸ਼ ਜੋ ਤਾਲ ਦੀਆਂ ਮਾਤ੍ਰਾ ਦੇ ਸਰੂਪ ਦੇ ਅਨੁਕੂਲ ਹੋਵੇ। ਸੋਲੋ ਤਬਲਾ ਵਾਦਨ ਕਰਦੇ ਸਮੇਂ ਵਾਦਨ ਦਾ ਆਧਾਰ 'ਨਗਮਾ' ਹੀ ਹੁੰਦਾ ਹੈ ਜੋ ਕਲਾਕਾਰ ਵਲੋਂ ਸਰੰਗੀ ਜਾਂ ਹਾਰਮੋਨੀਅਮ ਰਾਹੀਂ ਵਜਾਇਆ ਜਾਂਦਾ ਹੈ। ਵਾਦਨ ਦੇ ਸ਼ੁਰੂ ਤੋਂ ਅੰਤ ਤੱਕ ਨਗਮਾ ਬਾਰ ਬਾਰ ਵਜਾਇਆ ਜਾਂਦਾ ਹੈ।

**ਪੜ੍ਹੰਤ** : ਤਬਲਾ/ਪਖਾਵਜ ਦੇ ਬੋਲਾਂ ਨੂੰ ਲੈਅ-ਤਾਲ ਦਾ ਧਿਆਨ ਰੱਖਦੇ ਹੋਏ ਮੂੰਹ ਨਾਲ ਬੋਲਣਾ ਜਾਂ ਪੜਨ ਦੀ ਕਿਰਿਆ ਹੀ ਪੜ੍ਹੰਤ ਹੈ। ਕਲਾਕਾਰ ਵਲੋਂ ਸੋਲੋ ਤਬਲਾ ਦੌਰਾਨ ਵਿਸ਼ੇਸ਼ ਪ੍ਰਕਾਰ ਦੀਆਂ ਪਰਣਾਂ ਦੀ ਪਹਿਲਾਂ ਪੜ੍ਹੰਤ ਕੀਤੀ ਜਾਂਦੀ ਹੈ ਤੇ ਫਿਰ ਉਸੇ ਪੜ੍ਹੰਤ ਨੂੰ ਤਬਲੇ ਜਾਂ ਪਖਾਵਜ ਤੇ ਵਜਾਇਆ ਜਾਂਦਾ ਹੈ ਜਿਸ ਨਾਲ ਵਾਦਨ ਹੋਰ ਵੀ ਪ੍ਰਭਾਵਸ਼ਾਲੀ ਬਣ ਜਾਂਦਾ ਹੈ।

**ਪੇਸ਼ਕਾਰ** : 'ਪੇਸ਼ਕਾਰ' ਫਾਰਸੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਪੇਸ਼ ਕਰਨਾ। ਸੋਲੋ ਤਬਲਾ ਵਾਦਨ ਦੀ ਭੂਮਿਕਾ ਪੇਸ਼ਕਾਰ ਰਾਹੀਂ ਹੀ ਬੰਨ੍ਹੀ ਜਾਂਦੀ ਹੈ ਜਿਸ ਦੀ ਲੈਅ ਡਗਮਗਾਉਂਦੀ ਭਾਵ ਅੱਧੀ-ਅੱਧੀ ਮਾਤ੍ਰਾ ਦੇ ਠਹਿਰਾਉ ਕਾਰਨ ਬੋਲਾਂ ਦੀ ਚਾਲ ਜ਼ਿਆਦਾ ਸੁੰਦਰ ਹੋ ਜਾਂਦੀ ਹੈ। ਇਹ ਵਿਲੰਬਿਤ ਜਾਂ ਮੱਧ ਲੈਅ ਵਿੱਚ ਹੀ ਵਜਾਇਆ ਜਾਂਦਾ ਹੈ। ਇਹ ਦਰੁਤ ਲੈਅ ਵਿੱਚ ਵਜਾਉਂਦੇ ਹੀ ਰਸਹੀਨ ਹੋ ਜਾਂਦਾ ਹੈ।

'ਪੇਸ਼ਕਾਰ' ਨੂੰ ਤਾਲ ਦੇ ਵਿਸਥਾਰ ਦਾ ਇਨਡੈਕਸ ਕਿਹਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ ਜਿਵੇਂ ਕਿਤਾਬ ਦੇ ਮੁੱਖ ਪੰਨੇ ਤੇ ਕਿਤਾਬ ਵਿੱਚ ਸ਼ਾਮਿਲ ਮਟੀਰੀਅਲ ਦਾ ਵੇਰਵਾ ਇੰਡੈਕਸ ਰਾਹੀਂ ਦਿੱਤਾ ਜਾਂਦਾ ਹੈ ਜਿਸ ਨੂੰ ਪੜ੍ਹਦੇ ਸਾਰ ਹੀ ਪੂਰੀ ਕਿਤਾਬ ਵਿਚਲੇ ਮਟੀਰੀਅਲ ਦੇ ਟਾਪਿਕਾਂ ਬਾਰੇ ਜਾਣਕਾਰੀ ਮਿਲ ਜਾਂਦੀ ਹੈ। ਮੇਰੇ ਵਿਚਾਰ ਅਨੁਸਾਰ ਠੀਕ ਇਸੇ ਪ੍ਰਕਾਰ ਹੀ ਕਲਾਕਾਰ ਵੱਲੋਂ ਪੇਸ਼ਕਸ਼ ਦੌਰਾਨ ਹੋਣ ਵਾਲੇ ਤਾਲ ਵਿਸਥਾਰ ਸੰਬੰਧੀ ਪੇਸ਼ਕਾਰ ਨੂੰ ਆਧਾਰ ਬਣਾ ਕੇ ਬੰਦਿਸ਼ਾਂ ਦੀਆਂ ਝਲਕਾਂ ਤਿਆਰੀ ਸਹਿਤ ਪੇਸ਼ ਕੀਤੀਆਂ ਜਾਂਦੀਆਂ ਹਨ ਜਿਸ ਤੋਂ ਕਲਾਕਾਰ ਦੀ ਕਲਾ ਦਾ ਮਾਪ ਹੋ ਸਕਦਾ ਹੈ। ਇਸ ਰਾਹੀਂ ਕਲਾਕਾਰ ਲੈਅ ਤੇ ਅਧਿਕਾਰ, ਲੈਅਕਾਰੀਆਂ, ਹੱਥ ਦੀ ਤਿਆਰੀ ਬਾਰੇ ਅਤੇ ਵਿਸ਼ੇਸ਼ ਬੰਦਿਸ਼ਾਂ ਰਾਹੀਂ ਆਪਣੇ ਘਰਾਣੇ ਦੀ ਪਹਿਚਾਣ ਕਰਾਉਂਦਾ ਹੈ। ਇਸ ਤੋਂ ਉਪਰੰਤ ਹੀ ਕਾਇਦਿਆਂ ਦਾ ਵਿਸਥਾਰ ਕੀਤਾ ਜਾਂਦਾ ਹੈ।

(ਚਲਦਾ) ■

## ਅੰਮ੍ਰਿਤ ਕੀਤਰਨ ਦਾ ਚੰਦਾ ਭੇਜੋ ਜੀ

ਜੇ ਤੁਸੀਂ ਅਜੇ ਤਕ ਅੰਮ੍ਰਿਤ ਕੀਰਤਨ ਦਾ ਚੰਦਾ ਨਹੀਂ ਭੇਜਿਆ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ। ਆਪ ਦੀ ਮਾਇਕ ਸਹਾਇਤਾ ਨਾਲ ਹੀ ਇਹ ਮੈਗਜ਼ੀਨ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ। ਜੇ ਤੁਸੀਂ ਮੈਗਜ਼ੀਨ ਬੰਦ ਕਰਨਾ ਚਾਹੁੰਦੇ ਹੋ ਤਾਂ ਵੀ ਸਾਨੂੰ ਸੂਚਿਤ ਕਰਨ ਦੀ ਖੇਚਲ ਕਰੋ ਜੀ।

## ਜਰੂਰੀ ਬੇਨਤੀ

ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ, ਧੰਨਵਾਦੀ ਹੋਵਾਂਗੇ

ਅੰਮ੍ਰਿਤ ਕੀਰਤਨ ਟਰਸਟ,
422, ਸੈਕਟਰ 15-ਏ, ਚੰਡੀਗੜ੍ਹ

## ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ' ਤੋਹਫੇ ਵਜੋਂ ਭੇਟ ਕਰੋ !

ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ ! ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ। ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ।

ਅੰਮ੍ਰਿਤ ਕੀਰਤਨ ਟਰਸਟ,
422, ਸੈਕਟਰ 15-ਏ, ਚੰਡੀਗੜ੍ਹ

# When There is Little Gain From Scriptiural Singing[1]

**Dr. (Bhai) Harbans Lal[2]**

**(Contd. from Previous issue)**

## Fertilization in Cultural Milieu

The seed of rest-less-ness were sowed during the life cycles in the jungle. However the fertilization of this seed takes place during the advanced human life in the current civilization. The mode of this fertilization constitutes the second most important influence on mind. This mode lies in the influence of human culture. To begin with our genes have endowed our mind with instincts to always loiter and to be constantly alert in order to improve our chances of worldly survival. These instincts tell us continously that if our mind is not alert, someone will attack or else will take the advantage in some other way. Then our culture would teach us that one must always strive for more just to stay even. If you examine this philosophy deeply, you will reach the conclusion that the cultural rules in essence are similar to the law of the jungle where a built-in paranoia is considered useful and indispensable. To the cultural rules based on the laws of jungle is added the influence of the accelerated tempo of modren living[29]. An infant is born with animal instincts of a wandering mind and then is presented a surrounding of rattles soon after his/her birth. They continue to distract the child's attention from the Creator. As Saint Kabir said,

ਜੋਨਿ ਛਾਡਿ ਜਉ ਜਗ ਮਹਿ ਆਇਓ॥
ਲਾਗਤ ਪਵਨ ਖਸਮੁ ਬਿਸਰਾਇਓ॥[30]

*A baby is born into this world after leaving the cycle of previous lives. As soon as the infant leaves the womb, it comes into the human civilization and its culture begins to touch him, the Creator is forgotten.*

As soon as this infant outgrows the first rattle she is given another toy and this process continues. Her entire attention from infancy through adolescence and into adulthood is occupied with rattles. These rattles are designed, programmed and meticulously imposed as human culture. The scriptures describes some of these toys as:

ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥ ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥ ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ । ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥ ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥[31]

*In the very first part of the human life, the baby learns to love mother's milk; second s/he learn of his/er mother and father; third, his/er brothers, sister-in-law and sisters; fourth the love of numerous*

---

[1] The verses from Sri Guru Granth Sahib are cited with the author, source, page and line numbers according to the Granth published by Shiromani Parbhandak Committee, Amritsar. Each verse is followed by a brief commentary relating to the subject of this discussion and may be distinct from an exact translation.

[2] Address all correspondence to Dr. Harbans Lal, Ph.D., D. Litt. (Hons), Professor and Chariman, Department of Pharmacology, University of North Texas Health Science Centre at Fort Worth, 3500 Camp Bowie Blvd, Fort Worth, Texas 76016.

[29] Lal, H., Inmates of Senory Illusions, *From Both sides of the Ocean*, 32 (March-April), 14-17, 1996.

[30] Kabir, Bhagat, In Sri Guru Granth Sahib (1604), p. 337

[31] Dev, Guru Nanak, In Sri Guru Granth Sahib (1604), p. 137

*games in the life awakens. Fifth, s/he runs after oral satisfactions and intoxicating drinks; sixth, in his/er sensual desires, s/he does not respect discriminations, Seventh, s/he gather wealth and property ownership; eighth,s/he becomes slaves to sensory outbursts such as angry, and his/er body is consumed. Ninth, s/he turns gray, and his/er breathing becomes labored; tenth, s/he is cremated, and turns to ashes. His/er companions send him/er off, crying out and lamenting. The swan of the soul takes flight, and asks which way to go.*

Culture is actually meant to be human response engineered to creat protective mechanisms for the human existence. It is apparently to minimize undue competition and unexpacted dangers. The make of these mechanisms should permit us to temporarily feel safe and relax our guard. Instead, the background of the strong impulses that was built-in as the genetic instructions take over to guide the interpretation of these mechanisms. As a result there is a further amplification of the animalistic influence exerted by those cultural rattles. This way we end up with a mind which is always accelerating in its tendencies to be self-oriented and wandering. The wandering nature of a civilized mind is depicted in the scripture as :

ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥[32]

*The intellect of the self-oriented person of today, manmukh, is fickle; it is full of tricks and cunnings.*

With the cultural imprisonment continuing, the minds of most people have learnt to keep wandering and never have any oppourtunity to learn how to calm down and be still. Our genes have programmed us to be such and then culture has focused our attention on the things of the world in such a way that we never gained the capacity either to sit quietly to ponder on any single thought, The restlessness of mind has become so mighty in today's life that we are helplessly acceding to its might and giving up every control on ourselves. We call the situation as out of control. The spiritual teachers often warns us about this helplessness as :

ਪਾਪੀ ਹੀਐ ਮੈ ਕਾਮ ਬਸਾਇ ॥ ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥[33]

*Numerous unfulfilled desires are promoted to reside in the mind of a sinner so that the sinner's mind becomes very fickle and it can not be brought under control.*

Let us stress the gravity of the cultural dictates with a couple of examples. Many subtle messages from our cultural milieu promote classifying poeple as your own or others, and friend or enemy. Most of us have accepted these thoughts as a part of the cultural norms. This thought though seemingly harmless, in reality, a powerful base for the mind to remain fickle and never to rest. The scripture alludes to this notion as :

ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥[34]

---

32 Das, Guru Amar, In Sri Guru Granth Sahib (1604), p. 1414, l. 15.

33 Bahadur, Guru Teg, In Sri Guru Granth Sahib (1604), p. 1186,l. 11.

34 Dev, Guru Arjan, In Sri Guru Granth Sahib (1604), p 278.

*As long as one considers someone an enemy, and another a friend, one's mind shall not come to a stillness.*

Cultural practices, religious ceremonies, artistic performance, games, sports and leisure in general are meant to provide oases of peace. But they are not. Rather the commercial and political interest create environments, which further build upon the inherited restlessness of mind. For a discussion of the cultural influences on development of human mind, see another paper. [35] Suffice to say that wherever efforts are made to provide environment appropriate for the stillness of the mind to occur we find ourselves unable to participate. Even when we place ourselves in the vicinity of those protective gadgets our mind engages in planning a variety of animalistic schemes. For example, when participating in any religious service at spiritual place like a gurdvara, a temple or a church, instead of learning spiritiuality, our mind continues to scheme for social agendas or recognition, management takeover or worrying about the competition with other members of congregation. Evil impulses take over our time of participation even in those places. Thus, we lose any opportunity for the spiritual advancement or even for a simple fun in the life. Guru warned us against such engagements as :

ਕਰਮ ਧਰਮ ਸੰਜਮ ਸੁਚ ਨੇਮਾ ਚੰਚਲ ਸੰਗਿ ਸਗਲ ਬਿਧਿ ਹਾਰੀ ॥[36]

*I was defeated in my purpose of inculcating good deeds, righteousness and Dharma, self-discipline, purity, religious vows and all cleansing ways as long as I could not disassociate from my fickle mind.*

ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥[37]

*Outwardly in cultural society we wear attractive clothes, religious garbs and clever designs, but our mind continues to wander in the ten directions.*

ਪੰਚ ਚੋਰ ਚੰਚਲ ਚਿਤੁ ਚਾਲਹਿ ॥[38]

*The five thieves always accompany and cause the fickle consciousness to constantly waver.*

## Presence of Mind to Sing Praises

Guru Amar Dass says that Our instincts have imposed a merry go around on our mind. It is because of our mind making us run around that we are unable to come to spirituality.

ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ ॥
ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ ॥[39]

*When the mind keeps wandering is all ten directions, how can one sing the Creator's praises? The human is in the grip of its over-powering senses with the result that one is always inflicted with unquenched desires and wraths. The human mind does not stay still for a moment away from illusion because inputs from ten sense organs never cease to trick it.*

To harness the mind during

[35] Lal, H., Power of present In shaping our Self Image, *From Both sides of the Ocean*, 35, 12-17, 1996; Cultural Parenthesis By Ethnocentric Religious, *From Both sides of the Ocean*, 36 (November-December): 17-18, 1996

[36] Dev, Guru Arjan, In Sri Guru Granth Sahib (1604), p. 1388, l. 8.

[37] Das, Guru Ram, In Sri Guru Granth Sahib (1604), p. 732

[38] Dev, Guru Nanak, In Sri Guru Granth Sahib (1604), p. 1021, l. 13

[39] Das, Guru Amar, In Sri Guru Granth Sahib (1604), p. 565, l. 8

*with the Lord.*

## Sing Praises in mind's Seclusion

The Guru presented a concept of meditation via keertan and singing of the Lord's praises in the company of no one in the mind. Mind must be free of any company or baggage. The Guru says,

ਮਿਲੁ ਸਾਧਸੰਗੇ ਭਜੁ ਨਿਸੰਗੇ ਕੁਲ ਸਮੂਹਾ ਤਾਰੀਐ ॥[46]

*Meditate in the company of holy men and none else; even all of your pedigree shall be saved.*

ਸਾਧਸੰਗ ਜਪਿ ਨਿਸੰਗ ਮਨਿ ਨਿਧਾਨੁ ਧਾਰੇ ॥[47]

*Meditate on Him without any mental baggage or company in the presence of only holy men, and enshrine the treasure of His Name in your mind.*

ਭੇਟੀਅਲ ਰਾਇ ਨਿਸੰਗਾ ॥[48]

*I encounter with my Sovereign Lord King in the presence of no one.*

ਸੰਤਸੰਗੇ ਭਜੁ ਨਿਸੰਗੇ ਰੰਉ ਅੰਤਰਜਾਮੀਆ ॥[49]

*In the society of the Saints, vibrate and meditate on Him with your mind free of anyone's company forever; He knows what is inside your heart.*

ਸਾਧਸੰਗਿ ਜਪਿ ਨਿਸੰਗ ਜਮਕਾਲੁ ਤਿਸੁ ਨ ਖਾਵਨੋ ॥੧॥ ਮੁਕਤਿ ਜੁਗਤਿ ਅਨਿਕ ਸੂਖ ਹਰਿ ਭਗਤਿ ਲਵੈ ਨ ਲਾਵਨੋ ॥ ਪ੍ਰਭੁ ਦਰਸ ਲੁਬਧ ਦਾਸ ਨਾਨਕ ਬਹੁੜਿ ਜੋਨਿ ਨ ਧਾਵਨੋ ॥[50]

*Whoever chants and meditates in the Saadh Sangat, the Company of the Holy and without anything else in mind, shall undoubtedly escape being consumed by the angel of death. Liberation, the key to success, and all sorts of comforts do not equal loving devotional worship of the Lord. The humble Nanak longs for the Blessed Vision of God's Darshan; so that his mind and conscioueness never again wanders in evolutionary cycles of birth and death.*

In the Sikh history there is a very intersting story. Guru Nanak was invited to a local mosque in the Pakistani town of Sultanpur to join the Qazi (Islamic priest) in an afternoon prayer *(namaz)*. In the mosque when the Qazi conducted his prayer, the Guru was observed to remain standing and not kneel as required of all those who pray. The qazi complained on Guru Nanak's apparent refusal to join in the Muslim prayer. To this Guru Nanak responded, "What prayer was I expected to join? The reverend Qazi's mind wandered to his new-born foal which he had left untied in his yard before coming to the mosque. He recalled that there was a well in the enclosure and feared lest the foal should fall into it." The Guru further explained that the prayer in flesh was no prayer until the mind was attending to it. The audience was moved by the profound lesson in the Guru's demonstration. A similar folklore is commonly cited in religious circles to illustrate this point. A trader stopped at the door of a holy man on his way to a market to sell his good. The doorkeeper told the trader to leave his baggage outside the door before he could see the holy man. The trader put aside his luggage and proceeded in empty hand. Still the holy man declined to see him. He was told that, even though he had left his suitecases outside, he continued

[46] Dev, Guru Arjan, In Sri Guru Granth Sahib (1604), p. 461, 1.8.
[47] Dev, Guru Arjan, In Sri Guru Granth Sahib (1604), p. 679, 1.3.
[48] Kabir, Bhagat, In Sri Guru Granth Sahib (1604), p. 972, 1.3.
[49] Dev, Guru Arjan In Sri Guru Granth Sahib (1604), p. 1278, 1.7.
[50] Dev, Guru Arjan, In Sri Guru Granth Sahib (1604,)p. 1323, 1. 6.

to worry about their safety from decoits. Thus he was carrying the baggage on his mind if not on his body. He was not following the holy man's instructions. Bhagat Kabir echoed the same thought and advised his followers not to take any company (mental baggage) to the place of holy congregation.There the purpose is to meet an enlightened soul and this can not be accomplished unless one goes there aloof, free of the past or the future thoughts.

ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ ॥
ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ ॥[51]

*Says Kabir, when you go to meet the holy man; do not take anyone or anything else with you. Neither should you allow your mind to wander on the past nor worry about the future. Make the past inconsequential and in the future whatever will be, will be.*

The lesson is this. The spiritual gains are not likely from listening to the keertan or other expositions from the Guru unless our paying a visit to the holy place is contigent upon achieving the presence of mind in the Guru's court. Presence of flesh alone will never suffice. ■

[51] Kabir Bhagat, In Sri Guru Granth Sahib (1604), p. 1370, l. 13.


U.T. Advertisers & Graphics

- Advertisement & Marketing
- Laser Typwsetting
- Designing Scanning
- Couloured Printing
- Data Processing
- All Types of Printing

**SCO 2443-44, Sector 22-C,**
**Chandigarh Ph. : 706589**
**# 1940, Sector 22-B,**
**Chandigarh Ph. : 531280**

## ਪੁਸਤਕ ਸਮੀਖਿਆ

ਸਮੀਖਿਆਕਾਰ - ਡਾ. ਗੁਰਮੀਤ ਸਿੰਘ ਬੈਦਵਾਣ

**ਪੁਸਤਕ ਦਾ ਨਾਮ - ਘੁੱਗੂ ਘੋੜੇ** **ਲੇਖਕ - ਡਾ. ਸੁਰਜੀਤ ਕੁੰਜਾਹੀ**

ਪ੍ਰਕਾਸ਼ਕ - ਯੁਵਕ ਲਿਖਾਰੀ ਸੰਗਤ, ਨਵੀਂ ਦਿੱਲੀ ਮੁੱਲ : 20 ਰੁਪਏ ਪੰਨੇ : 78 ਜਿਲਦ : ਪੇਪਰ ਬੈਕ

ਪੰਜਾਬੀ ਸਾਹਿਤ ਦੇ ਵਿਸ਼ਾਲ ਸੰਸਾਰ ਵਿੱਚ ਪਿਛਲੇ ਕੁਝ ਸਮੇਂ ਤੋਂ ਅਨਿਸਚਿਤਤਾ ਦਾ ਜੋ ਦੌਰ ਚਲ ਰਿਹਾ ਹੈ ਉਸ ਵਿੱਚ ਸਾਹਿਤ ਸਿਰਜਨਾ ਅਤੇ ਸਾਹਿਤ ਦੀ ਛਪਾਈ ਉੱਤੇ ਪਏ ਮਾੜੇ ਅਸਰ ਕਾਰਨ ਪੰਜਾਬੀ ਸਾਹਿਤਕਾਰਾਂ ਵਿਚ ਨਿਰਾਸਤਾ ਆ ਗਈ ਹੈ। ਐਸੇ ਸਮੇਂ ਪੰਜਾਬੀ ਕਵਿਤਾ ਦੇ ਸੰਸਾਰ ਵਿਚ ਡਾ. ਸੁਰਜੀਤ ਕੁੰਜਾਹੀ ਦੀ ਪਹਿਲੀ ਪੁਸਤਕ "ਘੁੱਗੂ ਘੋੜੇ" ਇਕ ਐਸਾ ਉਤਸਾਹਿਤ ਉੱਦਮ ਹੈ ਜਿਸ ਨਾਲ ਪੰਜਾਬੀ ਪਾਠਕ ਨੂੰ ਕੁਝ ਆਸ ਦੀ ਕਿਰਣ ਚਮਕਦੀ ਨਜ਼ਰ ਆਵੇਗੀ। ਡਾ. ਸੁਰਜੀਤ ਕੁੰਜਾਹੀ ਦੀ ਪੰਜਾਬੀ ਸ਼ਬਦਾਵਲੀ ਵਿੱਚ ਪੰਜਾਬੀਅਤ ਦੀ ਖੂਬਸੂਰਤ ਸ਼ਖਸੀਅਤ ਆਪਣੀ ਮਿਠਾਸ ਅਤੇ ਸੁਭਾਵਕਤਾ ਲੈ ਕੇ ਭੁੱਲੇ ਵਿੱਸਰੇ ਸ਼ਬਦਾਂ ਨੂੰ ਫਿਰ ਸਪਸ਼ਟ ਕਰ ਰਹੀ ਹੈ। ਪੰਜਾਬੀਅਤ ਦੇ ਸਰਲ ਅਤੇ ਸਾਦੇ ਸੁਭਾਅ ਦੀ ਗੁਣਗੁਣੀ ਨਿੱਘ ਮਾਣਨ ਦਾ ਇਹ ਅਵਸਰ ਇਸ ਨਿੱਕੇ ਜਿਹੇ ਕੱਦ ਦੀ ਕਿਤਾਬੜੀ 'ਚੋਂ ਜਿਸ ਸੁਭਾਵਕਤਾ ਨਾਲ ਮਿਲ ਜਾਂਦੈ, ਇਸ ਦਾ ਆਪਣਾ ਹੀ ਸਰੂਰ ਹੈ। ਪਾਠਕ ਨੂੰ ਕਵਿਤਾ ਦੇ ਬੈਂਤ ਬਹਿਰ ਵਿੱਚ ਭੁੱਲੀਂ ਪੈ ਚੁਕੇ ਆਨੰਦ ਨੂੰ ਮਾਣਨ ਦਾ ਸੰਜੋਗ ਇਸ ਪੁਸਤਕ ਦੀ ਵਿੱਲਖਣਤਾ ਹੈ।

ਕਿਤਾਬ ਦੀਆਂ ਕਵਿਤਾਵਾਂ ਦੀ ਚੋਣ ਵੱਡੇ ਭੰਡਾਰ 'ਚੋਂ ਬੜੇ ਸੁੱਚਜੇ ਢੰਗ ਨਾਲ ਕਰਕੇ, ਆਕਾਰ ਨੂੰ ਛੋਟਾ ਅਤੇ ਕੀਮਤ ਘਟ ਤੋਂ ਘਟ ਰੱਖ ਕੇ ਲੇਖਕ ਅਤੇ ਪ੍ਰਕਾਸ਼ਕ ਨੇ ਸਾਹਿਤ ਪ੍ਰੇਮੀਆਂ ਨੂੰ ਮਾਣ ਦਿੱਤਾ ਹੈ। ਕੀਮਤ ਨੂੰ ਕੇਵਲ ਖ਼ਰਚਿਆਂ ਤਕ ਸੀਮਤ ਰੱਖ ਕੇ ਚੰਗੇ ਸਾਹਿਤ ਦੀ ਪਹੁੰਚ ਆਮ ਪਾਠਕ ਦੇ ਮਾਇਕ ਸਰੋਤ ਤੇ ਬੋਝ ਨਹੀਂ ਬਣਨ ਦਿੱਤੀ ਗਈ। ਸਾਹਿਤ ਦੇ ਵੱਡਮੁਲੇ ਵਿਰਸੇ ਕਵਿਤਾ ਨੂੰ ਸੁਭਾਵਕਤਾ ਦੀ ਅਤੇ ਜਿਸ ਖ਼ੁਰਾਕ ਦੀ ਲੋੜ ਸੀ, ਉਸ ਲਈ ਸੁਰਜੀਤ ਕੁੰਜਾਹੀ ਆਪਣੇ ਉੱਦਮ 'ਚ ਕਾਮਯਾਬ ਹੈ। ਪੰਜਾਬੀ ਦੀ ਭਰਪੂਰ ਨਿਆਮਤ ਨੂੰ ਅਜੋਕੀ ਭੀੜ ਭਾੜ ਨੇ ਦਬਾ ਦਿੱਤੇ। ਸੁਰਜੀਤ ਇਸ ਖ਼ਜ਼ਾਨੇ ਨੂੰ ਹੇਠੋਂ ਕੱਢ ਲਿਆਇਆ ਹੈ।

ਸ਼ਾਇਦ ਪੰਜਾਬੋਂ ਬਾਹਰ ਰਹਿਣ ਕਾਰਨ ਲੇਖਕ ਪੰਜਾਬ ਵਿਚਲੀ ਪੰਜਾਬੀ ਦੇ ਸ਼ਬਦ ਜੋੜਾਂ ਤੋਂ ਪੂਰੀ ਤਰ੍ਹਾਂ ਵਾਕਿਫ਼ ਨਹੀਂ, ਇਸੇ ਕਰਕੇ ਉਹ 'ਣ' ਦੀ ਥਾਂ 'ਨ' ਦੀ ਵਰਤੋਂ ਕਰ ਜਾਂਦਾ ਹੈ। ਸ਼ਬਦ ਜੋੜਾਂ ਦੀਆਂ ਤਰੁਟੀਆਂ ਕਵਿਤਾ ਦੀ ਪੁਸਤਕ ਵਿੱਚ ਰੋੜਾਂ ਵਾਂਗ ਚੁਭਦੀਆਂ ਹਨ।

ਪੁਸਤਕ ਦਾ ਟਾਈਟਲ, ਛਪਾਈ ਆਕਾਰ ਆਦਿ ਕਿਸੇ ਵਿਸ਼ੇਸ਼ ਸੰਯੋਜਿਤ ਨਿਯਮ ਅਧੀਨ ਆਪਣੀ ਵਲਗਨ ਵਿਚ ਰਹਿਕੇ ਪ੍ਰਸ਼ੰਸਾ ਦਾ ਭਾਗੀ ਹੈ। ਇਸ ਦੀ ਦਿਖ ਬੱਚਿਆਂ ਦੀ ਪੁਸਤਕ ਹੋਣ ਦਾ ਭੁਲੇਖਾ ਪਾਉਂਦੀ ਹੈ। ਪਰ ਇਹ ਪੁਸਤਕ ਸਿਆਣਿਆਂ ਲਈ ਹੈ। ਇਸ ਉੱਦਮ ਵਿੱਚ ਕੁਝ ਸੂਝਵਾਨ ਆਪਣੇ ਉਪਰਾਲੇ ਗੁਪਤ ਰਖ ਰਹੇ ਹਨ। ਉਹਨਾਂ ਦੇ ਸਹਿਯੋਗ ਕਾਰਨ ਹੀ ਪੁਸਤਕ ਇਸ ਰੂਪ ਵਿੱਚ ਆਈ ਹੈ।

ਪੰਜਾਬੀ ਕਵਿਤਾ ਦੇ ਵਗਦੇ ਰੋੜ੍ਹ ਤੇ ਇਹ ਉੱਦਮ ਆਪਣੀ ਭਾਅ ਆਪ ਛੱਡ ਰਿਹਾ ਹੈ। ਪੁਸਤਕ ਸੂਝਵਾਨ ਪਾਠਕਾਂ ਪਾਸੋਂ ਸਵੀਕਰਤੀ ਦੀ ਮੁਹਰ ਲਗਵਾ ਸਕੇਗੀ, ਇਸ ਵਿਸ਼ਵਾਸ ਤੇ ਇਸ ਪੁਸਤਕ ਨੂੰ ਜੀਅ ਆਇਆਂ ਆਖਦੇ ਹਾਂ। ■


## ਗੁਰਮਤਿ ਸੰਗੀਤ ਵਿਸ਼ੇਸ਼ ਅੰਕ

ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿੱਲਖਣਤਾ, ਗੁਰਮਤਿ ਸੰਗੀਤ ਵਿਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ। ਕੀਮਤ ਕੇਵਲ 30 ਰੁਪਏ, ਡਾਕ ਖਰਚ ਮਸੇਤ ।

**ਅੰਮ੍ਰਿਤ ਕੀਰਤਨ ਟਰਸਟ**
**422, ਸੈਕਟਰ 15-ਏ, ਚੰਡੀਗੜ੍ਹ**

## ★ ਸੰਗੀਤ ਕਲਾ ਮੰਚ ਦਾ 34ਵਾਂ ਸੰਗੀਤ ਸੰਮੇਲਨ

– ਪ੍ਰੋ: ਜੋਗਿੰਦਰ ਬਾਵਰਾ

ਮਹਾਤਮਾ ਗਾਂਧੀ ਜੀ ਨੂੰ ਸਮਰਪਿਤ, ਸੰਗੀਤ ਕਲਾ ਮੰਚ ਜਲੰਧਰ ਵਲੋਂ 34ਵਾਂ ਸੰਗੀਤ ਸੰਮੇਲਨ ਆਯੋਜਿਤ ਕੀਤਾ ਗਿਆ। ਸ੍ਰੀ ਪਰੀਕਸ਼ਤ ਵਧਵਾ ਨੇ ਸ਼ਮਾਂ ਰੌਸ਼ਨ ਕੀਤੀ ਤੇ ਨਾਲ ਹੀ ਸ੍ਰੀਮਤੀ ਡਾ. ਰਮਾ ਸਰਾਫ ਦਾ ਗਾਇਨ ਆਰੰਭ ਹੋ ਗਿਆ। ਉਹਨਾਂ ਨੇ ਆਪਣੀ ਮਧੁਰ ਆਵਾਜ਼ ਵਿੱਚ ਰਾਗ ਪੂਰੀਆ ਧਨਾਸਰੀ ਵਿੱਚ ਵਿਲੰਬਤ ਅਤੇ ਦੁਰਤ ਖਿਆਲ ਗਾਇਨ ਕਰਨ ਤੋਂ ਬਾਅਦ ਮਿਸ਼ਰ ਕਾਫੀ ਵਿੱਚ "ਭੋਲਾ ਨਾਥ ਦਿਗੰਬਰ ਯਿਹ ਦੁਖ ਮੇਰੇ ਹੋਰ" ਪਦ ਦਾ ਗਾਇਨ ਕੀਤਾ। ਉਹਨ੍ਹਾਂ ਨੇ ਆਪਣੇ ਗਾਇਨ ਦਾ ਸਮਾਪਨ ਮੀਰਾਂ ਦੇ ਭਜਨ 'ਰਾਮ ਨਾਮ ਰਸ ਪੀਜੈ ਮਨੁਆ' ਦੁਆਰਾ ਕੀਤਾ। ਇਹਨਾਂ ਨਾਲ ਤਬਲਾ ਸੰਗਤਿ ਸ੍ਰੀ ਤਿਲਕ ਰਾਜ ਨੇ ਕੀਤੀ। ਸ੍ਰੀ ਦਾਨਿਸ਼ ਅਸਲਮ ਖਾਂ ਨੇ ਸਰੋਦ ਤੇ ਰਾਗ ਪਟਦੀਪ ਦਾ ਅਲਾਪ ਅਤੇ ਮਧ ਲੈਅ ਦੀ ਗਤ ਪੇਸ਼ ਕੀਤੀ। ਰਾਗ ਕਿਰਵਾਨੀ ਦੀ ਰਚਨਾ ਤਾਲ ਰੂਪਕ ਵਿੱਚ ਸੁਣਾਈ। ਪੰਡਿਤ ਰਮਾਂ ਕਾਂਤ ਦੀ ਤਬਲਾ ਸੰਗਤਿ ਕਾਬਲੇ ਤਾਰੀਫ ਸੀ। ਬੰਬਈ ਦੀ ਸ੍ਰੀਮਤੀ ਸ਼ੈਲਾ ਪਿਪਲਾਪੁਰੇ ਨੇ ਰਾਗ ਮਾਰੂ ਬਿਹਾਗ ਵਿੱਚ ਵਿਲੰਬਤ ਖਿਆਲ "ਅਲਸਾਨੇ ਨੈਨਾ ਤੋਰੇ ਸਾਵਰੇ" ਤਾਲ ਰੂਪਕ ਵਿੱਚ ਅਤੇ ਅੱਧਾ ਤੀਨਤਾਲ ਵਿੱਚ ਦੁਰਤ ਖਿਆਲ "ਸਜਨਾ ਜਾਵੋ ਨਾ ਵਿਦੇਸ਼" ਬੜੇ ਕਲਾਤਮਕ ਢੰਗ ਨਾਲ ਗਾਇਨ ਕੀਤੇ। ਆਵਾਜ਼ ਦਮਦਾਰ ਅਤੇ ਸੁਰੀਲੀ ਹੋਣ ਦੇ ਨਾਲ ਨਾਲ ਤਾਨਾਂ ਅਤੇ ਸਰਗਮ ਕਰਨ ਦਾ ਇਕ ਵਿਸ਼ੇਸ਼ ਅੰਦਾਜ਼ ਸਰੋਤਿਆਂ ਦੀ ਖਿੱਚ ਦਾ ਕਾਰਨ ਸਨ। 'ਸਾਂਵਰੇ ਸਲੋਨੇ ਆਜਰੇ, ਆਜਰੇ" ਰਚਨਾ ਬੜੀ ਕਠਿਨ ਅਤੇ ਰੋਚਕ ਸੀ। ਉਹਨਾਂ ਨੇ ਰਾਗ ਹੰਸਧੁਨੀ ਵਿੱਚ ਗਣੇਸ਼ ਉਸਤਤ ਗਾਨ ਤੋਂ ਬਾਅਦ ਨਾਨਕ ਸ਼ਾਹ ਦੀ ਰਚਨਾ "ਸੁਮਰਨ ਕਰਲੇ ਮੇਰੇ ਮਨਾਂ" ਦੇ ਨਾਲ ਆਪਣਾ ਗਾਇਨ ਸਮਾਪਤ ਕੀਤਾ। ਇਹਨਾਂ ਨਾਲ ਹਾਰਮੋਨੀਯਮ ਸੰਗਤ ਸ੍ਰੀ ਮੋਹਨ ਮਲਸਿਆਨੀ ਨੇ ਅਤੇ ਤਬਲੇ ਤੇ ਪੰਡਿਤ ਰਮਾ ਕਾਂਤ ਨੇ ਸਾਥ ਦਿੱਤਾ। ਜਾਨੇ ਮਾਨੇ ਤਬਲਾ ਵਾਦਕ ਸ੍ਰੀ ਅਕਰਮ ਖਾਂ ਨੇ ਸੋਲੋ ਤਬਲਾ ਵਾਦਨ ਦੁਆਰਾ ਤੀਨ ਤਾਲ ਦੇ ਕਾਇਦੇ, ਪਲਟੇ ਅਤੇ ਰੇਲੇ ਸੁਣਾ ਕੇ ਸਰੋਤਿਆਂ ਤੋਂ ਖੂਬ ਵਾਹ -ਵਾਹ ਲੁਟੀ। ਇਹਨਾਂ ਦੇ ਹੱਥ ਜਿੰਨੇ ਤਿਆਰ ਹਨ ਉਤਨੇ ਮਿੱਠੇ ਵੀ ਹਨ। ਅੰਤ ਵਿੱਚ ਸ੍ਰੀ ਪ੍ਰੀਕਸ਼ਤ ਵਧਵਾ ਨੇ ਸਾਰੇ ਸੰਗੀਤਕਾਰਾਂ ਨੂੰ ਯਾਦਗਾਰੀ ਚਿੰਨ੍ਹ ਪ੍ਰਦਾਨ ਕਰਕੇ ਸਨਮਾਨਿਤ ਕੀਤਾ। ■

## ★ ਜੀ ਆਇਆਂ ਨੂੰ

– ਪਰਮਜੋਤ ਸਿੰਘ

ਪੰਥ ਦੇ ਪ੍ਰਸਿੱਧ ਕੀਰਤਨੀਏ ਤੇ ਸੁਰ ਦੇ ਧਨੀ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਦੇ ਸਪੁੱਤਰ ਸ: ਹਰਭਜਨ ਸਿੰਘ ਇੰਜੀਨੀਅਰ ਜੋ ਅਮਰੀਕਾ ਰਹਿੰਦੇ ਹਨ, 30.10.98 ਨੂੰ ਉਚੇਚੇ ਤੌਰ ਤੇ ਪੰਜਾਬ ਐਂਡ ਸਿੰਧ ਬੈਂਕ ਵਲੋਂ ਸਥਾਪਿਤ ਕੀਰਤਨ ਆਰਕਾਈਜ਼ ਵਿੱਚ ਪਧਾਰੇ। ਜਿਥੇ ਬੈਂਕ ਦੇ ਸਟਾਫ ਤੇ ਸ਼ਹਿਰ ਤੋਂ ਪਤਵੰਤੇ ਸੱਜਣਾਂ ਵਲੋਂ ਸਵਾਗਤ ਕੀਤਾ ਗਿਆ। ਸਭ ਤੋਂ ਪਹਿਲਾਂ ਸ. ਜਸਪਾਲ ਸਿੰਘ ਮੈਨੇਜਰ ਨੇ ਸ. ਹਰਭਜਨ ਸੰਘਿ ਜੀ ਦੀ ਸਾਰੇ ਹਾਜ਼ਰ ਸਜਨਾਂ ਨਾਲ ਜਾਣ ਪਹਿਚਾਣ ਕਰਾਈ । ਉਪਰੰਤ ਪ੍ਰੋ: ਪਰਮਜੋਤ ਸਿੰਘ ਤੇ ਸ. ਅਮਰਜੀਤ ਸਿੰਘ ਬਤਰਾ ਨੇ ਆਰਕਾਈਵਜ਼ ਵਲੋਂ ਸਨਮਾਨ ਚਿੰਨ੍ਹ ਤੇ ਕੀਰਤਨ ਕੈਸਟਾਂ ਭੇਟ ਕੀਤੀਆਂ। ਇਸ ਤੋਂ ਬਾਅਦ ਕੀਰਤਨ ਅਕੈਡਮੀ ਦੇ ਸਿਖਆਰਥੀਆਂ ਨੇ ਰਾਗ ਬੱਧ ਕੀਰਤਨ ਨਾਲ ਆਈਆਂ ਸੰਗਤਾਂ ਨੂੰ ਮੁਗਧ ਮੰਤਰ ਕਰ ਦਿੱਤਾ। ਆਖੀਰ ਤੇ ਸ. ਹਰਭਜਨ ਸਿੰਘ ਨੇ ਸਾਰਿਆਂ ਨੂੰ ਸੰਬੋਧਨ ਕਰਦਿਆਂ ਇਸ ਪ੍ਰੋਜੈਕਟ ਬਾਰੇ ਬੈਂਕ ਦੇ ਯਤਨਾਂ ਦੀ ਸ਼ਲਾਘਾ ਕੀਤੀ ਜਿਸ ਪ੍ਰੋਜੈਕਟ ਰਾਹੀਂ ਇਸ ਸੰਸਥਾ ਵਿੱਚ ਗੁਰੂ ਘਰ ਦੇ ਟਕਸਾਲੀ ਕੀਰਤਨ ਨੂੰ ਪ੍ਰਸਾਰਨ, ਪ੍ਰਚਾਰਨ ਤੇ ਸੰਭਾਲਣ ਲਈ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਬੜੇ ਭਾਵਕ ਤਰੀਕੇ ਨਾਲ ਸਿਖਿਆਰਥੀਆਂ ਨੂੰ ਕੀਰਤਨ ਰਾਗ ਪਧਤੀ ਨੂੰ ਸੰਭਾਲਣ ਦੀ ਪ੍ਰੇਰਨਾ ਕੀਤੀ। ਆਖੀਰ ਵਿੱਚ ਸ. ਹਰਭਜਨ ਸਿੰਘ ਜੀ ਨੇ ਦੋ ਸ਼ਬਦਾਂ ਦਾ ਕੀਰਤਨ ਕਰਕੇ ਭਾਈ ਸਮੁੰਦ ਸਿੰਘ ਜੀ ਦੀ ਯਾਦ ਨੂੰ ਤਾਜ਼ਾ ਕਰ ਦਿੱਤਾ। ਸ. ਰਣਜੋਧ ਸਿੰਘ ਮਿਨਹਾਸ ਜੀ ਨੇ ਆਏ ਸਾਰੇ ਸੱਜਣਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਇਹ ਸਮਾਗਮ ਸਫਲਤਾ ਪੂਰਵਕ ਸਮਾਪਤ ਹੋਇਆ। ■


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਪਤਾ :- ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ – 141 002

## ★ ਚਾਰ ਸਹਿਬਜ਼ਾਦੇ

– ਪ੍ਰੋ. ਕਰਤਾਰ ਸਿੰਘ

### ਬਾਬਾ ਅਜੀਤ ਸਿੰਘ ਜੀ

ਬਾਬਾ ਅਜੀਤ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੇਠੇ ਸਪੁੱਤਰ ਸਨ। ਆਪ ਦਾ ਜਨਮ ਮਾਘ ਸੁਦੀ ੧ (੨੩ ਮਾਘ ੭ ਸੰਮਤ ੧੭੪੩) ਨੂੰ ਅਨੰਦਪੁਰ ਸਾਹਿਬ ਹੋਇਆ। ਛੋਟੀ ਉਮਰ ਵਿਚ ਹੀ ਆਪ ਨੂੰ ਸੰਤ-ਸਿਪਾਹੀਆਂ ਵਾਲੀ ਸਿਖਲਾਈ ਪੜ੍ਹਾਈ ਕਰਾਈ ਗਈ। ਆਪ ਨੇ ਸ਼ਸਤਰਾਂ ਦੀ ਵਰਤੋਂ ਵਿਚ ਖ਼ਾਸ ਯੋਗਤਾ ਪ੍ਰਾਪਤ ਕੀਤੀ। ੬ ਪੋਹ ਸੰ: ੧੭੬੧ ਨੂੰ ਤਿੰਨਾਂ ਸਾਲਾਂ ਦੇ ਘੇਰੇ ਤੇ ਜੰਗ ਮਗਰੋਂ ਮੁਗਲਾਂ ਤੇ ਪਹਾੜੀ ਰਾਜਿਆਂ ਦੀਆਂ ਕਸਮਾਂ ਤੇ ਇਕਰਾਰਾਂ ਉੱਤੇ ਇਤਬਾਰ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦ ਪੁਰ ਸਾਹਿਬ ਦਾ ਕਿਲ੍ਹਾ ਖਾਲੀ ਕੀਤਾ। ਚਾਰੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਗੁਰੂ ਦੇ ਮਹਿਲ ਅਤੇ ਹੋਰ ਸਭ ਪ੍ਰਵਾਰ ਤੇ ਸਿੱਖ ਗੁਰੂ ਜੀ ਦੇ ਨਾਲ ਸਨ। ਆਪ ਰੋਪੜ ਵੱਲ ਜਾ ਰਹੇ ਸਨ। ਜਦ ਆਪ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਿਛੋਂ ਵੈਰੀ ਕਸਮਾਂ ਤੋੜ ਆ ਪਏ। ਉਸ ਵੇਲੇ ਸਾਹਿਬ ਅਜੀਤ ਸਿੰਘ ਨੇ ਕੁਝ ਸਿੰਘਾਂ ਨੂੰ ਨਾਲ ਲੈ ਕੇ ਵੈਰੀ ਦਲ ਦਾ ਰਾਹ ਰੋਕਿਆ। ਚੋਖਾ ਚਿਰ ਡਟ ਕੇ ਲੜਦੇ ਰਹੇ ਤੇ ਵੈਰੀ ਨੂੰ ਅਗਾਂਹ ਵਧਣੋਂ ਡੱਕ ਛੱਡਿਆ, ਜਦ ਗੁਰੂ ਜੀ ਤੇ ਹੋਰ ਸਭ ਸਰਸਾ ਪਾਰ ਹੋ ਗਏ ਤਾਂ ਬਾਬਾ ਅਜੀਤ ਸਿੰਘ ਜੀ ਵੀ ਨਦੀ ਪਾਰ ਕਰਕੇ ਉਹਨਾਂ ਦੇ ਨਾਲ ਜਾ ਮਿਲੇ।

ਮਗਰੋਂ ਗੁਰੂ ਜੀ ਨੇ ਚਮਕੌਰ ਸਾਹਿਬ ਇਕ ਗੜ੍ਹੀ ਉਤੇ ਹਮਲਾ ਕਰ ਰਹੇ ਵੈਰੀਆਂ ਦਾ ਡਟ ਕੇ ਟਾਕਰਾ ਕੀਤਾ। ਆਪ ਜੀ ਦੇ ਨਾਲ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ੪੦ ਸਿੰਘ ਸਨ। ਇਹ ਪੰਜਾਂ-ਪੰਜਾਂ ਦੇ ਜੱਥਿਆਂ ਵਿਚ ਗੜ੍ਹੀ ਵਿਚੋਂ ਨਿਕਲਕੇ ਵੈਰੀ ਦਲ ਦਾ ਟਾਕਰਾ ਕਰਦੇ ਰਹੇ। ਬਾਬਾ ਅਜੀਤ ਸਿੰਘ ਜੀ ਦੀ ਉਮਰ ਉਸ ਵੇਲੇ 18 ਕੁ ਸਾਲ ਦੀ ਸੀ। ਆਪ ਜੀ ਨੇ ਵੈਰੀ ਦਲ ਨਾਲ ਦੋ ਦੋ ਹੱਥ ਕਰਕੇ ਸ਼ਹੀਦ ਹੋਣ ਦੀ ਆਗਿਆ ਮੰਗੀ। ਗੁਰੂ ਜੀ ਨੇ ਥਾਪੜਾ ਦੇ ਕੇ ਕਿਹਾ-'ਜਾਓ! ਪੁੱਤਰ ਜੀ! ਧਰਮ ਯੁੱਧ ਵਿਚ ਜੂਝੋ ਤੇ ਅਕਾਲ ਦੇ ਦਰਬਾਰ ਪੁੱਜੋ।'

ਬਾਬਾ ਅਜੀਤ ਸਿੰਘ ਜੀ ਗੜ੍ਹੀ ਵਿਚੋਂ ਲਲਕਾਰੇ ਮਾਰਦੇ ਨਿਕਲੇ। ਆਪ ਦੇ ਨਾਲ ਪੰਜ ਸਿੱਖ ਸਨ। ਪਹਿਲਾਂ ਆਪ ਨੇ ਤੀਰਾਂ ਨਾਲ ਵੈਰੀਆਂ ਦੇ ਕਈ ਆਦਮੀ ਪਾਰ ਬੁਲਾਏ । ਤੀਰ ਮੁੱਕ ਗਏ ਤਾਂ ਆਪ ਨੇ ਨੇਜ਼ਾ ਫੜ ਕੇ ਵੈਰੀਆਂ ਦੇ ਆਹੂ ਲਾਹੁਣੇ ਸ਼ੁਰੂ ਕਰ ਦਿੱਤੇ। ਆਪ ਨੇ ਲੋਹੇ ਦੀ ਵਰਦੀ ਵਾਲੇ ਇਕ ਮੁਸਲਮਾਨ ਦੀ ਹਿੱਕ 'ਚ ਨੇਜ਼ਾ ਮਾਰਿਆ ਤੇ ਉਸ ਨੂੰ ਪਰੋ ਕੇ ਰੱਖ ਦਿੱਤਾ। ਜਦ ਨੇਜ਼ਾ ਪੁੱਟਣ ਲੱਗੇ ਤਾਂ ਉਹ ਦੋ ਟੋਟੇ ਹੋ ਗਿਆ, ਫਿਰ ਉਨ੍ਹਾਂ ਨੇ ਤਲਵਾਰ ਸੂਤ ਲਈ ਅਤੇ ਕਈਆਂ ਨੂੰ ਪਾਰ ਬੁਲਾਉਣ ਮਗਰੋਂ ਸ਼ਹੀਦ ਹੋ ਗਏ। ਆਪ ਦੀ ਸ਼ਹੀਦੀ ੭ਪੋਹ ਸੰਮਤ ੧੭੬੧ ਮੁਤਾਬਿਕ ੨੨ ਦਸੰਬਰ ੧੭੦੮ ਨੂੰ ਹੋਈ।

### ਬਾਬਾ ਜੁਝਾਰ ਸਿੰਘ ਜੀ

ਬਾਬਾ ਜੁਝਾਰ ਸਿੰਘ ਜੀ ਸ੍ਰੀ ਕਲਗੀਧਰ ਪਿਤਾ ਜੀ ਦੇ ਦੂਜੇ ਸਾਹਿਬਜ਼ਾਦੇ ਸਨ। ਆਪ ਦਾ ਜਨਮ ਸੰ: ੧੬੪੭ (ਸੰਨ ੧੬੯੦) ਵਿਚ ਆਨੰਦਪੁਰ ਸਾਹਿਬ ਹੋਇਆ। ਆਪ ਨੂੰ ਆਪ ਦੇ ਵੱਡੇ ਭਰਾ ਬਾਬਾ ਅਜੀਤ ਸਿੰਘ ਵਾਕੁਰ ਹੀ ਸ਼ਸਤਰਾਂ ਦੀ ਵਰਤੋਂ ਤੇ ਜੁੱਧ ਦੇ ਹਰ ਕਰਤੱਬ ਦੇ ਢੰਗ ਸਿਖਾਏ ਗਏ।

ਆਪ ਜੀ ੮ ਪੋਹ ੧੭੬੧(੨੨ ਦਸੰਬਰ ੧੭੦੪) ਨੂੰ ਆਪਣੇ ਵੱਡੇ ਭਰਾ ਸਾਹਿਬ ਅਜੀਤ ਸਿੰਘ ਜੀ ਦੇ ਮਗਰੋਂ ਚਮਕੌਰ ਸਾਹਿਬ ਦੇ ਧਰਮ ਯੁੱਧ ਵਿਚ ਜੂਝਦੇ ਹੋਏ ਤੇ ਵੈਰੀਆਂ ਦੇ ਆਹੂ ਲਾਹੁੰਦੇ ਸ਼ਹੀਦ ਹੋਏ। ਆਪ ਦੀ ਉਮਰ ਉਸ ਵੇਲੇ ੧੪ ਸਾਲ ਦੀ ਸੀ, ਪਰ ਅਜੇਹੀ ਬੀਰਤਾ ਨਾਲ ਲੜੇ ਕਿ ਵੈਰੀ ਵੀ ਵੇਖ ਵੇਖ ਕੇ ਦੰਗ ਰਹਿ ਗਏ।

### ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹ ਸਿੰਘ ਜੀ

ਬਾਬਾ ਜ਼ੋਰਾਵਰ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤੀਜੇ ਸਾਹਿਬਜ਼ਾਦੇ ਸਨ । ਉਨ੍ਹਾਂ ਦਾ

ਜਨਮ ਮੱਘਰ ਸੁਦੀ ੩ ਸੰ: ੧੭੫੩ ਨੂੰ ਅਨੰਦਪੁਰ ਹੋਇਆ। ਬਾਬਾ ਫ਼ਤਹ ਸਿੰਘ ਜੀ ਸ੍ਰੀ ਦਸਮੇਸ਼ ਜੀ ਦੇ ਚੌਥੇ ਤੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਦਾ ਜਨਮ ਫੱਗਣ ਸੁਦੀ ੭ ਸੰਮਤ ੧੭੫੫ (ਸੰਨ ੧੬੯੯) ਨੂੰ ਸ੍ਰੀ ਅਨੰਦ ਪੁਰ ਸਾਹਿਬ ਹੋਇਆ ਜਦ ਸ੍ਰੀ ਦਸਮੇਸ਼ ਜੀ ੬ ਪੋਹ ਸੰ : ੧੭੬੧ ਨੂੰ ਅਨੰਦਪੁਰ ਛੱਡ ਕੇ ਤੁਰੇ ਤਾਂ ਮਗਰੋਂ ਵੈਰੀਆਂ ਨੇ ਸਰਸਾ ਨਦੀ ਦੇ ਨੇੜੇ ਆਪ ਉੱਪਰ ਹਮਲਾ ਕੀਤਾ। ਸਰਸਾ ਨਦੀ ਪਾਰ ਕਰਨ ਮਗਰੋਂ ਦੀ ਹਫੜਾ-ਦਫੜੀ ਵਿਚ ਗੁਰੂ ਜੀ ਦੀ ਮਾਤਾ ਤੇ ਦੋਵੇਂ ਛੋਟੇ ਸਾਹਿਬਜ਼ਾਦੇ ਗੁਰੂ ਜੀ ਨਾਲੋਂ ਵਿਛੜ ਗਏ। ਥੋੜ੍ਹੀ ਦੂਰ ਜਾਣ ਮਗਰੋਂ ਉਨ੍ਹਾਂ ਨੂੰ ਆਪਣਾ ਰਸੋਈਆ ਗੰਗੂ ਬ੍ਰਾਹਮਣ ਮਿਲਿਆ। ਉਹ ਉਨ੍ਹਾਂ ਨੂੰ ਆਪਣੇ ਪਿੰਡ ਖੇੜੀ ਵਿਚ ਆਪਣੇ ਘਰ ਲੈ ਗਿਆ। ਮਗਰੋਂ ਉਸ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਸੋਚਿਆ ਕਿ ਇਨ੍ਹਾਂ ਨੂੰ ਫੜਾ ਦੇਵਾਂ। ਇਸ ਤਰ੍ਹਾਂ ਨਾਲੇ ਇਨ੍ਹਾਂ ਦਾ ਧਨ ਪਦਾਰਥ ਹਜ਼ਮ ਕਰ ਲਵਾਂ, ਨਾਲੇ ਸੂਬੇ ਪਾਸੋਂ ਇਨਾਮ ਪ੍ਰਾਪਤ ਕਰਾਂ। ਇਸ ਨੀਚ ਨਿਮਕ ਹਰਾਮ ਬ੍ਰਾਹਮਣ ਨੇ ਵਿਸਾਹਘਾਤ ਕਰਕੇ ਮੋਰਿੰਡੇ ਦੇ ਥਾਣੇਦਾਰ ਨੂੰ ਜਾ ਖ਼ਬਰ ਕੀਤੀ। ਉਹ ਤੁਰੰਤ ਆਇਆ ਅਤੇ ਤਿੰਨਾਂ ਨੂੰ ਫੜ ਕੇ ਸਰਹਿੰਦ ਦੇ ਨਵਾਬ ਪਾਸ ਲੈ ਗਿਆ। ਨਵਾਬ ਨੇ ਉਨ੍ਹਾਂ ਨੂੰ ਬੁਰਜ ਵਿਚ ਕੈਦ ਕਰ ਦਿੱਤਾ।

ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿਚ ਹਾਜ਼ਰ ਕੀਤਾ ਗਿਆ। ਕਚਹਿਰੀ ਵਿਚ ਦਾਖ਼ਲ ਹੋਣ ਸਮੇਂ ਉਨ੍ਹਾਂ ਨੂੰ ਕਿਹਾ ਗਿਆ ਕਿ ਸੂਬੇ ਨੂੰ ਸਲਾਮ ਕਰੋ। ਉਨ੍ਹਾਂ ਨੇ ਗੱਜ ਕੇ ਵਾਹਿਗੁਰੂ ਜੀ ਕੀ ਫ਼ਤਹ ਬੁਲਾਈ। ਉਨ੍ਹਾਂ ਦੀ ਨਿਰਭੈਤਾ, ਦਲੇਰੀ ਤੇ ਚਿਹਰਿਆਂ ਦਾ ਜਲਾਲ (ਤੇਜ) ਵੇਖ ਕੇ ਸਾਰੀ ਕਚਹਿਰੀ 'ਵਾਹ ਵਾਹ' ਕਰਨ ਲੱਗ ਪਈ। ਵਜ਼ੀਰ ਖਾਂ ਨੇ ਉਨ੍ਹਾਂ ਨੂੰ ਕਿਹਾ-'ਤੁਹਾਡਾ ਪਿਤਾ ਤੇ ਦੋਵੇਂ ਭਰਾ ਕਤਲ ਕੀਤੇ ਜਾ ਚੁਕੇ ਹਨ। ਤੁਸੀਂ ਜਾਨਾਂ ਬਚਾ ਸਕਦੇ ਹੋ। ਤੁਹਾਨੂੰ ਬੜੇ ਸੁਖ ਆਰਾਮ ਵਿਚ ਪਾਲਿਆ ਪੜ੍ਹਾਇਆ ਜਾਵੇਗਾ। ਵੱਡੇ ਹੋਵੋਗੇ ਤਾਂ ਚੰਗੇ ਘਰੀਂ ਵਿਆਹੇ ਜਾਉਗੇ ਅਤੇ ਵੱਡੇ ਮੁਰਾਤਬੇ ਤੇ ਜਾਗੀਰਾਂ ਤੁਹਾਨੂੰ ਮਿਲਣਗੀਆਂ। ਮੌਜਾਂ ਕਰਕੇ ਉਮਰਾਂ ਭੋਗਿਓ। ਇਸ ਦੀ ਕੀਮਤ ਕੇਵਲ ਇਹ ਹੈ ਕਿ ਕਲਮਾ ਪੜ੍ਹੋ ਤੇ ਮੁਸਲਮਾਨ ਹੋ ਜਾਓ। ਜੇ ਨਾ ਮੰਨੋਗੇ, ਤਾਂ ਬੁਰੀ ਤਰ੍ਹਾਂ ਮਾਰੇ ਜਾਓਗੇ।'

ਸਾਹਿਬ ਜ਼ੋਰਾਵਰ ਸਿੰਘ ਜੀ ਦੀ ਉਮਰ ਇਸ ਵੇਲੇ ਮਸਾਂ ਅੱਠ ਕੁ ਸਾਲ ਦੀ ਸੀ ਤੇ ਸਾਹਿਬ ਫ਼ਤਹ ਸਿੰਘ ਜੀ ਦੀ ਮਸਾਂ ਛੇ ਕੁ ਸਾਲ ਦੀ ਸੀ, ਪਰ ਆਪ ਜੀ ਸ੍ਰੀ ਦੁਸ਼ਟ-ਦਮਨ ਦਸਮੇਸ਼ ਪਿਤਾ ਦੇ ਸਪੁੱਤਰ ਸਨ। ਆਪ ਨੇ ਬਿਨਾਂ ਕਿਸੇ ਜੱਕੇ-ਤੱਕੇ ਜਾਂ ਝਕ-ਝਕਾ ਦੇ ਸੂਬੇ ਨੂੰ ਉੱਤਰ ਦਿੱਤਾ ਕਿ, 'ਅਸੀਂ ਧਰਮ ਛੱਡ ਕੇ ਜੀਉਣ ਨੂੰ ਤਿਆਰ ਨਹੀਂ, ਤੁਹਾਡਾ ਜਿਵੇਂ ਜੀ ਕਰੇ ਕਰੋ।'

ਕਚਹਿਰੀ ਵਿਚ ਬੈਠੇ ਹੋਰਨਾਂ ਨੇ ਵੀ ਬੜੇ ਲਾਲਚ ਤੇ ਡਰਾਵੇ ਦਿੱਤੇ, ਪਰ ਗੁਰੂ ਜੀ ਦੇ ਲਾਲ ਰਤੀ ਭਰ ਨਾ ਡੋਲੇ। ਅੰਤ ਵਿਚ ਉਨ੍ਹਾਂ ਨੂੰ ਨੀਹਾਂ ਵਿਚ ਚਿਣੇ ਜਾਣ ਤੇ ਕਤਲ ਕੀਤੇ ਜਾਣ ਦਾ ਹੁਕਮ ਦਿੱਤਾ। ਇਹ ਹੁਕਮ ਸੁਣ ਕੇ ਸਾਹਿਬਜ਼ਾਦਿਆਂ ਨੇ ਜੈਕਾਰਾ ਛੱਡਿਆ। ਮਲੇਰ-ਕੋਟਲੇ ਦੇ ਨਵਾਬ ਨੇ ਸੂਬੇ ਨੂੰ ਕਿਹਾ ਕਿ ਇਨ੍ਹਾਂ ਮਾਸੂਮ ਨਿਰਦੋਸ਼ ਨਿਆਣਿਆਂ ਨੂੰ ਕਤਲ ਕਰਨਾ ਠੀਕ ਨਹੀਂ, ਪਰ ਉਸ ਦੀ ਇਕ ਨਾ ਸੁਣੀ ਗਈ।

ਦੋਹਾਂ ਸਾਹਿਬਜ਼ਾਦਿਆਂ ਨੂੰ ੧੩ ਪੋਹ ਸੰਮਤ ੧੭੬੧ (੨੭ ਦਸੰਬਰ ਸੰਨ ੧੭੦੪) ਵਾਲੇ ਦਿਨ ਜੀਉਂਦਿਆਂ ਨੂੰ ਨੀਹਾਂ ਵਿਚ ਚਿਣਿਆ ਗਿਆ। ਘੜੀ-ਮੁੜੀ ਉਨ੍ਹਾਂ ਨੂੰ ਮੁਸਲਮਾਨ ਬਣ ਕੇ ਜਾਨ ਬਚਾਉਣ ਲਈ ਕਿਹਾ ਗਿਆ, ਪਰ ਸਾਹਿਬਜ਼ਾਦੇ ਵਾਹਿਗੁਰੂ ਦਾ ਜਾਪ ਕਰਦੇ ਅਡੋਲ ਖੜ੍ਹੇ ਰਹੇ, ਜਦ ਕੰਧ ਮੋਢਿਆਂ ਤੀਕ ਹੋ ਗਈ ਤਾਂ ਉਨ੍ਹਾਂ ਦੇ ਸੀਸ ਕੱਟੇ ਗਏ। ਜਿਸ ਥਾਂ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ, ਉਥੇ ਬੜਾ ਆਲੀਸ਼ਾਨ ਗੁਰਦੁਆਰਾ-ਸ੍ਰੀ ਫ਼ਤਹਗੜ੍ਹ ਬਣਿਆ।

ਅਰਦਾਸ ਸਮੇਂ ਪੰਜ ਪਿਆਰਿਆਂ ਤੋਂ ਮਗਰੋਂ ਚਹੁੰ ਸਾਹਿਬਜ਼ਾਦਿਆਂ ਨੂੰ ਯਾਦ ਕੀਤਾ ਜਾਂਦਾ ਹੈ।

ਧੰਨਵਾਦ ਸਹਿਤ - ਧਰਮ ਪੋਥੀ 7-8 (ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

| | | |
|---|---|---|
| ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥੧॥ ਰਹਾਉ॥ | The anxiety of my mind has departed since I obtained Thine vision. Pause. | ਜਦ ਦਾ ਮੈਨੂੰ ਤੇਰਾ ਦੀਦਾਰ ਪਰਾਪਤ ਹੋਇਆ ਹੈ, ਮੇਰੇ ਚਿਤ ਦਾ ਫ਼ਿਕਰ ਦੂਰ ਹੋ ਗਿਆ ਹੈ। ਠਹਿਰਾਉ । |
| ਅਨ ਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ॥ | Without my speaking, Thou knowest my state and makes me utter Thy Name. | ਮੇਰੇ ਬੋਲਣ ਦੇ ਬਿਨਾਂ, ਤੂੰ ਮੇਰੀ ਅਵਸਥਾ ਨੂੰ ਜਾਣਦਾ ਤੇ ਮੇਰੇ ਕੋਲੋਂ ਆਪਣੇ ਨਾਮ ਦਾ ਜਾਪ ਕਰਵਾਉਂਦਾ ਹੈਂ। |
| ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ॥੧॥ | Singing Thy Praise my sorrow has fled, I am merged in peace and poise and am in utter bliss. | ਤੇਰੀ ਮਹਿਮਾ ਗਾਇਨ ਕਰ, ਮੇਰਾ ਦੁਖੜਾ ਦੌੜ ਗਿਆ, ਮੈਂ ਆਰਾਮ ਤੇ ਅਡੋਲਤਾ ਵਿਚ ਲੀਨ ਹੋ ਗਿਆ ਹਾਂ ਅਤੇ ਪਰਮ ਖ਼ੁਸ਼ੀ ਅੰਦਰ ਹਾਂ। |
| ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹਿ ਅੰਧ ਕੂਪ ਤੇ ਮਾਇਆ॥ | Taking my arm, Thou hast pulled me out of the blind well of worldly attachments and mammon. | ਮੈਨੂੰ ਭੁਜਾ ਤੋਂ ਫੜ ਕੇ, ਤੂੰ ਮੈਨੂੰ ਸੰਸਾਰੀ ਲਗਨਾਂ ਅਤੇ ਮੋਹਨੀ ਦੇ ਅੰਨ੍ਹੇ ਖੂਹ ਵਿਚੋਂ ਬਾਹਰ ਧੂ ਲਿਆ ਹੈ। |
| ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥ (੧੨੧੮-੧੯) | Says Nanak, the Guru has broken my bonds and has united me with God, from whom I was separated. | ਗੁਰੂ ਜੀ ਆਖਦੇ ਹਨ, ਗੁਰਾਂ ਨੇ ਮੇਰੀਆਂ ਬੇੜੀਆਂ ਕਟ ਛਡੀਆਂ ਹਨ ਅਤੇ ਮੈਨੂੰ ਹਰੀ ਨਾਲ ਮਿਲਾ ਦਿਤਾ ਹੈ, ਜਿਸ ਨਾਲੋਂ ਮੈਂ ਵਿਛੜਿਆ ਹੋਇਆ ਸਾਂ। |
| ● | ● | ● |
| **ਸਾਰੰਗ ਮਹਲਾ ੫॥** | **Sarang 5th Guru** | **ਸਾਰੰਗ ਪੰਜਵੀਂ ਪਾਤਸ਼ਾਹੀ** |
| ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ॥ | Mammon exhibits wondrous plays and yokes one to sin. She entices away even the moon and the sun. | ਮਾਇਆ ਅਸਚਰਜ ਖੇਡਾਂ ਖੇਡਦੀ ਹੈ ਅਤੇ ਬੰਦੇ ਨੂੰ ਪਾਪ ਨਾਲ ਜੋੜ ਦਿੰਦੀ ਹੈ । ਉਹ ਚੰਦ ਅਤੇ ਸੂਰਜ ਨੂੰ ਭੀ ਭੇਚਲ (ਲੁਭਾਇਮਾਨ ਕਰ) ਲੈਂਦੀ ਹੈ। |
| ਉਪਜਤਾ ਬਿਕਾਰ ਦੁੰਦਰ ਨਉਪਰੀ ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ॥ ਰਹਾਉ॥ | The noisy evils well up from the tinkling of the ankle-bells of beauteous mammon. She wanders about making many dalliances and beguiles everyone except the Lord. Pause. | ਸੋਹਣੀ ਮਾਇਆ ਦੇ ਪੈਰਾਂ ਦੀਆਂ ਝਾਂਜਰਾਂ ਦੀ ਛਣਕਾਰ ਤੋਂ ਰੌਲਾ ਪਾਉਣ ਵਾਲੀਆਂ ਬਦੀਆਂ ਉਤਪੰਨ ਹੁੰਦੀਆਂ ਹਨ। ਉਹ ਅਨੇਕਾ ਨਾਜ਼-ਨਖ਼ਰੇ ਕਰਦੀ ਫਿਰਦੀ ਹੈ ਅਤੇ ਪ੍ਰਭੂ ਦੇ ਬਗ਼ੈਰ ਹਰ ਇਕਸ ਨੂੰ ਠਗ ਲੈਂਦੀ ਹੈ। ਠਹਿਰਾਉ। |
| ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ॥ | It is clinging to the three worlds and through the imperfect deeds its stroke can be endured not. | ਇਹ ਤਿੰਨਾਂ ਹੀ ਜਹਾਨਾਂ ਨੂੰ ਚਿਮੜ ਰਹੀ ਹੈ ਅਤੇ ਮਾੜੇ ਮੋਟੇ ਅਮਲਾਂ ਰਾਹੀਂ ਇਸ ਦੀ ਸੱਟ ਸਹਾਰੀ ਨਹੀਂ ਜਾ ਸਕਦੀ। |
| ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ॥੧॥ | Engrossed in the blind worldly pursuits, the mortals are inebriated and are tossed about as on the high ocean. | ਅੰਨ੍ਹੇ ਸੰਸਾਰੀ ਕੰਮਾਂ ਵਿਚ ਖਚਤ ਹੋ ਪ੍ਰਾਣੀ ਮਤਵਾਲੇ ਹੋਏ ਹੋਏ ਹਨ ਅਤੇ ਭਾਰੇ ਸਮੁੰਦਰ ਅੰਦਰ ਹੋਣ ਦੀ ਮਾਨੰਦ ਧਕ-ਧੌਲੇ ਖਾਂਦੇ ਹਨ। |

| | | |
|---|---|---|
| ਉਧਰੇ ਹਰਿ ਸੰਤ ਦਾਸ ਕਾਟਿ ਦੀਨੀ ਜਮ ਕੀ ਫਾਸ ਪਤਿਤ ਪਾਵਨ ਨਾਮੁ ਜਾ ਕੋ ਸਿਮਿਰ ਨਾਨਕ ਉਹੇ ॥੨॥੧੦॥੧੩੯॥੩॥੧੩॥੧੫੫॥ (੧੨੩੧) | The God's saintly slaves escape from the mammon's clutches and the Lord snaps their death's noose. O Nanak, meditate Thou on Him whose Name is the purifier of sinners. | ਰਬ ਦੇ ਸਾਧ ਸਰੂਪ ਗੋਲੇ ਮਾਇਆ ਦੇ ਪੰਜੇ ਵਿਚੋਂ ਬਚ ਨਿਕਲਦੇ ਹਨ ਅਤੇ ਪ੍ਰਭੂ ਉਨ੍ਹਾਂ ਦੀ ਮੌਤ ਦੀ ਫ਼ਾਹੀ ਕਟ ਦਿੰਦਾ ਹੈ। ਹੇ ਨਾਨਕ! ਤੂੰ ਉਸ ਦਾ ਆਰਾਧਨ ਕਰ, ਜਿਸ ਦਾ ਨਾਮ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ। |
| ● | ● | ● |
| **ਭੈਰਉ ਮਹਲਾ ੫॥** | **Bhairo 5th Guru** | **ਭੈਰਉ ਪੰਜਵੀ ਪਾਤਸ਼ਾਹੀ॥** |
| ਸਤਿਗੁਰ ਮੇਰਾ ਬੇਮੁਹਤਾਜ ॥ | My True Guru, is not dependent on any one. | ਮੈਂਡਾ ਸਚਾ ਗੁਰੂ ਮੁੰਛਦਗੀ ਰਹਿਤ ਹੈ। |
| ਸਤਿਗੁਰ ਮੇਰੇ ਸਚਾ ਸਾਜੁ॥ | My true Guru is truly embellished. | ਮੈਂਡੇ ਸਚੇ ਗੁਰਦੇਵ ਜੀ ਵਾਸਤਵ ਵਿਚ ਸ਼ਸ਼ੋਭਤ ਹੋਏ ਹਨ। |
| ਸਤਿਗੁਰ ਮੇਰਾ ਸਭਸ ਕਾ ਦਾਤਾ॥ | My True Guru is the giver of all. | ਮੈਂਡੇ ਸਚੇ ਗੁਰਦੇਵ ਜੀ ਸਾਰਿਆਂ ਦੇ ਦਾਤਾਰ ਹਨ। |
| ਸਤਿਗੁਰ ਮੇਰਾ ਪੁਰਖੁ ਬਿਧਾਤਾ॥੧॥ | The True Guru is my Creator Lord. | ਸਚੇ ਗੁਰੂ ਜੀ ਮੇਰੇ ਸਿਰਜਣਹਾਰ ਸੁਆਮੀ ਹਨ। |
| ਗੁਰ ਜੈਸਾ ਨਾਹੀ ਕੋ ਦੇਵ॥ | There is no deity equal to my Guru. | ਮੇਰੇ ਗੁਰਾਂ ਦੇ ਤੁਲ ਕੋਈ ਦੇਵਤਾ ਨਹੀਂ। |
| ਜਿਸ ਮਸਤਕਿ ਭਾਗੁ ਸੁ ਲਾਗਾ ਸੇਵ॥੧॥ਰਹਾਉ॥ | Whosoever has good destiny recorded on his brow; he alone applies himself to the Guru's service. Pause. | ਜਿਸ ਮਥੇ ਤੇ ਚੰਗੀ ਪ੍ਰਾਲਭਧ ਲਿਖੀ ਹੋਈ ਹੈ; ਕੇਵਲ ਉਹ ਹੀ ਗੁਰਾਂ ਦੀ ਘਾਲ ਅੰਦਰ ਜੁਟਦਾ ਹੈ। ਠਹਿਰਾਉ। |
| ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥ | My True Guru sustains all. | ਮੈਂਡੇ ਸਚੇ ਗੁਰ ਜੀ ਸਾਰੀਆਂ ਨੂੰ ਪਾਲਦੇ-ਪੋਸਦੇ ਹਨ। |
| ਸਤਿਗੁਰੁ ਮੇਰਾ ਮਾਰਿ ਜੀਵਾਲੈ॥ | My True Guru slays and revives the mortal. | ਮੈਂਡਾ ਸਚਾ ਗੁਰ ਪ੍ਰਾਨੀ ਨੂੰ ਮਾਰ ਕੇ ਮੁੜ ਜਿਉਂਦਾ ਕਰ ਦਿੰਦਾ ਹੈ। |
| ਸਤਿਗੁਰ ਮੇਰੇ ਕੀ ਵਡਿਆਈ॥ ਪ੍ਰਗਟੁ ਭਈ ਹੈ ਸਭਨੀ ਥਾਈ॥੨॥ | The glory of my True Guru , has become manifest in all the places. | ਮੈਂਡੇ ਸਚੇ ਗੁਰਾਂ ਦੀ ਪ੍ਰਭਤਾ ਸਾਰੀਆਂ ਥਾਵਾਂ ਵਿਚ ਉਜਾਗਰ ਹੋ ਗਈ ਹੈ। |
| ਸਤਿਗੁਰ ਮੇਰਾ ਤਾਣੁ ਨਿਤਾਣੁ॥ | My True Guru is the power of the powerless. | ਮੇਰੇ ਸਚੇ ਗੁਰੂ ਜੀ ਬਲਹੀਣਾ ਦਾ ਬਲ ਹਨ। |
| ਸਤਿਗੁਰੁ ਮੇਰਾ ਘਰਿ ਦੀਬਾਣੁ॥ | My True Guru is my home and my court. | ਮੇਰੇ ਸਚੇ ਗੁਰੂ ਜੀ ਮੇਰਾ ਧਾਮ ਅਤੇ ਮੇਰਾ ਦਰਬਾਰ ਹਨ। |
| ਸਤਿਗੁਰ ਕੈ ਹਉ ਸਦ ਬਲਿ ਜਾਇਆ॥ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥ | I am ever a sacrifice unto my True Guru, who has obviously shown me the path. | ਮੈਂ ਆਪਣੇ ਸਚੇ ਗੁਰਾਂ ਤੋਂ ਸਦੀਵ ਹੀ ਸਦਕੇ ਜਾਂਦਾ ਹਾਂ ਜਿਨ੍ਹਾਂ ਨੇ ਸਪਸ਼ਟ ਤੌਰ ਤੇ ਮੈਨੂੰ ਰਸਤਾ ਵਿਖਾਲ ਦਿਤਾ ਹੈ |
| ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ॥ | He, who serves the Guru; him fear overtakes not. | ਜੋ ਗੁਰਾਂ ਦੀ ਘਾਲ ਕਮਾਉਂਦਾ ਹੈ, ਉਸ ਨੂੰ ਡਰ ਨਹੀਂ ਚਿਮੜਦਾ। |
| ਜਿਨਿ ਗੁਰ ਸੇਵਿਆ ਤਿਸੁ ਦੁਖੁ ਨ ਸੰਤਾਪੈ॥ | He, who serves his Guru ; him pain afflicts not. | ਜੋ ਆਪਣੇ ਗੁਰਾਂ ਦੀ ਟਹਿਲ ਕਮਾਉਂਦਾ ਹੈ, ਉਸ ਨੂੰ ਪੀੜ ਦੁਖੀ ਨਹੀਂ ਕਰਦੀ। |
| ਨਾਨਕ ਸੋਧੇ ਸਿੰਮ੍ਰਿਤਿ ਬੇਦ॥ | Nanak has scrutinized the Vedas and Simirtis. | ਨਾਨਕ ਨੇ ਵੇਦਾਂ ਅਤੇ ਸਿਮ੍ਰਤੀਆਂ ਦੀ ਪੜਤਾਲ ਕੀਤੀ ਹੈ। |
| ਪਾਰਬ੍ਰਹਮ ਗੁਰ ਨਾਹੀ ਭੇਦ॥੪॥੧੧॥੨੪॥ (੧੧੪੨) | Between the Transcendent Lord and the Guru, there is no difference. | ਪਰਮ ਪ੍ਰਭੂ ਅਤੇ ਗੁਰਾਂ ਦੇ ਵਿੱਚ ਕੋਈ ਭਿੰਨ-ਭੇਤ ਨਹੀਂ। |

## ਸੁਰ ਲਿਪੀਆਂ

ਡਾ. ਗੁਰਨਾਮ ਸਿੰਘ

ਰਾਗ : ਰਾਮਕਲੀ | ਥਾਟ : ਭੈਰਉ | ਜਾਤੀ: ਸ਼ਾੜਵ-ਸੰਪੂਰਨ

ਸਮਾਂ : ਦਿਨ ਦਾ ਪਹਿਲਾ ਪਹਿਰ | ਵਾਦੀ : ਪੰਚਮ | ਸੰਵਾਦੀ : ਰਿਸ਼ਭ

ਆਰੋਹ : ਸ, ਗ ਮ ਪ, ਧੁ, ਨ ਸਂ | ਅਵਰੋਹ : ਸਂ ਨ ਧੁ, ਪ, ਮੇ ਪ ਧੁ ਨੁ ਧੁ ਪ, ਗ ਮ ਰੁ ਸ

ਸੁਰ : ਰਿਸ਼ਭ ਧੈਵਤ ਕੋਮਲ, ਦੋਨੋ ਮਧਿਅਮ, ਦੋਨੋ ਨਿਸ਼ਾਦ, ਆਰੋਹ ਵਿਚ ਰਿਸ਼ਭ ਵਰਜਿਤ

ਪਕੜ : ਧੁ ਪ, ਮੇ ਪ ਧੁ ਨੁ ਧੁ ਪ, ਗ ਮ ਰੁ, ਸ

ਤਾਲ : ਰੂਪਕ

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| | | | | | | | | | | | | ਮੇ | ਪ |
| | | | | | | | | | | | | ਗੁ | ਰ |
| ਮੇਪ | ਧੁਨੁ | ਧੁਪ | ਮੇ | ਪ | ਗ | ਮ | ਧੁ | ਧੁ | -ਪ | ਪ | - | - | - |
| ਤਾs | ss | ਰs | ਤਾ | s | ਰ | ਨਿ | ਹਾ | s | sਰਿ | ਆ | s | s | s |
| ਗ | ਗ | -ਰੁ | ਗ | ਗ | ਮ | ਪ | ਗ | ਗ | ਮਮ | ਰੁ | - | ਸ | - |
| ਦੇ | ਹਿ | sਭ | ਗ | ਤਿ | ਪੂ | s | ਰ | ਨ | ਅਵਿ | ਨਾ | s | ਸੀ | s |
| ਗ | ਮ | ਮਮ | ਧੁ | ਧੁ | ਨ | ਸਂ | ਧੁ | - | ਨੁਧੁ | ਪਮੇ | ਪ | - | - |
| ਹ | ਉ | ਤੁਝ | ਕ | ਉ | ਬ | ਲਿ | ਹਾ | s | ਰਿs | ਆs | s | s | s |
| ⊗ | | | 1 | | 2 | | ⊗ | | | 1 | | 2 | |
| ਗਗ | ਮ | ਮਮ | ਧੁ | ਧੁ | ਨ | ਨ | ਸਂ | - | ਸਂਸਂ | ਰੁਂ | - | ਸਂ | - |
| ਹਮ | ਡੋ | ਲਤ | ਬੇ | s | ਝੀ | s | ਪਾ | s | ਪਭ | ਗੀ | s | ਹੈ | s |
| - | ਨਸਂ | ਗਂਮਂ | ਰੁਂ | - | ਸਂ | ਸਂ | ਸਂ | ਸਂ | ਨਸਂ | ਧੁ | - | ਪ | - |
| s | ਪਵ | ਣਲ | ਗੈ | s | ਮ | ਤੁ | ਜਾ | s | ss | ਈ | s | s | s |
| - | ਸਂਨ | ਧੁਨ | ਧ | ਪ | ਪ | - | ਗ | ਗਗ | ਮ | ਰੁ | - | ਸ | - |
| s | ਸਨ | ਮੁਖ | ਸਿ | ਧ | s | s | ਭੇ | ਟਣ | ਕਉ | ਆ | s | ਏ | s |
| - | ਗਗ | ਮ | ਧੁ | ਧੁ | ਨ | ਸਂ | ਸਂ | ਧੁ | ਨੁਧੁ | ਪਮੇ | ਪ | - | - |
| s | ਨਿਹ | ਚਉ | ਦੇ | ਹਿ | ਵ | ਡਿ | ਆ | s | ss | ਈs | s | s | s |


### ਮਾਤਾ ਗੁਜਰੀ ਸੁਖ ਨਿਵਾਸ

(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)

ਗਿੱਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ - ਫੋਨ : 91845741, 91845730

ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾਂ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁੱਚਜੇ ਤਰੀਕੇ ਨਾਲ ਕੀਤਾ ਗਿਆ ਹੈ ।

ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰੋ :-

ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947

ਰਾਗ : ਸਾਰੰਗ | ਥਾਟ : ਕਾਫੀ | ਜਾਤੀ: ਔੜਵ-ਔੜਵ

ਸਮਾਂ : ਦਿਨ ਦਾ ਤੀਜਾ ਪਹਿਰ | ਵਾਦੀ : ਰਿਸ਼ਭ | ਸੰਵਾਦੀ : ਪੰਚਮ

ਸੁਰ : ਦੋਨੋਂ ਨਿਸ਼ਾਦ। ਬਾਕੀ ਸ਼ੁਧ ਅਤੇ ਧੈਵਤ ਵਰਜਿਤ | ਆਰੋਹ : ਸ, ਰ, ਮਪ, ਨ਼, ਸਂ

ਆਵਰੋਹ : ਸਂ ਨੁ ਪ, ਮ ਰੇ, ਨ ਸ | ਮੁੱਖ ਅੰਗ : ਨ਼ ਸ ਰ, ਮ ਰ , ਪ ਮ ਰ, ਨ਼ ਸ

ਤਾਲ : ਕੈਹਰਿਵਾ

| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| | | | | | | | | | | | | ਰ | ਮ | ਪ | ਪ |
| | | | | | | | | | | | | ਠਾ | s | ਕੁ | ਰ |
| – | ਪਨੁ | ਪ | ਮ | ਰ | – | ਸਨ਼ | ਸ | ਮ | – | ਰ | – | ਰ | ਰ | ਮ | ਮ |
| s | ਤੁਮ | ਸ | ਰ | ਣਾ | s | ਈs | s | ਆ | s | ਇਆ | s | ਉ | ਤ | ਰਿ | ਗ |
| ਪ | – | ਪ | ਪ | – | ਪਨੁ | ਪ | ਮ | ਪ | – | ਪ | – | ਮ | ਪ | ਨ | ਨ |
| ਇਓ | s | ਮੇ | ਰੇ | s | ਮਨ | ਕਾ | s | ਸਂ | s | ਸਾ | s | ਜ | ਬ | ਤੇ | s |
| ਸਂ | ਸਂ | ਸਂ | ਸਂ | ਸਂ | ਨੁ | ਪ | – | ਰ | ਸ | ਨ | ਸ | | | | |
| ਦ | ਰ | ਸ | ਨ | ਪਾ | s | s | s | ਇਆ | s | s | s | | | | |
| x | | | | 0 | | | | x | | | | 0 | | | |
| | | | | | | | | | | | | ਨੁ | ਪ | ਮ | ਰ |
| | | | | | | | | | | | | ਅ | ਨ | ਬੋ | s |
| ਮ | ਪ | ਪ | ਪ | – | ਮਪ | ਨ | ਨ | ਸਂ | – | ਸਂ | – | – | ਨਸਂ | ਰਂ | ਮਂ |
| ਲ | s | ਮੇ | ਰੀ | s | ਬਿਰ | ਥਾ | s | ਜਾ | s | ਨੀ | s | s | ਅਪ | ਨਾ | s |
| ਰਂ | – | ਨਂ | ਸ | ਨ | ਸਂ | ਨਂਸ | ਰਂਸਂ | ਨੁ | – | ਪ | – | – | ਸਂ | ਸਂ | ਸਂ |
| ਨਾ | s | ਮੁ | ਜ | ਪਾ | s | ss | ss | ਇਆ | s | s | s | s | ਅਨ | ਦ | ਅ |
| ਨੁ | ਪ | ਮ | ਰ | ਰ | ਸ | ਨ | ਸ | – | – | – | – | | | | |
| ਨ | ਦ | ਗੁ | ਣ | ਗਾ | s | s | s | ਇਆ | s | s | s | | | | |

ਦੁਖ ਨਾਠੇ ਸੁਖ ਸਹਿਜ ਸਮਾਏ, ਅਨਦ ਅਨਦ ਗੁਣ-ਗਾਇਆ (a) ਤੇਹੀ ਗਾਵਣਾ ਹੈ।


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਣੀ ਵਿਚੋਂ 50 ਸ਼ਬਦਾਂ ਦੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ । ਇਹ ਪੁਸਤਕ ਕੀਰਤਨੀਆਂ ਅਤੇ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।

ਸੰਪਾਦਕ

● ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ ● ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪ੍ਰਕਾਸ਼ਕ

ਅੰਮ੍ਰਿਤ ਕੀਰਤਨ ਟਰਸਟ, 422, ਸੈਕਟਰ 15-ਏ, ਚੰਡੀਗੜ੍ਹ

## ਸਾਰੰਗ - ਪੜਤਾਲ - ਇਕਤਾਲ - (ਦਰੁਤ)

| x | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਪ | ਰੰ | ਸੰ | ਰੰ | ਨ | ਸੰ | ਨ | ਸੰ | ਰੰ | ਨੁ | - | ਪ |
| ਕ | ਰ | ਤ | ਕੇ | s | ਲ | ਬਿ | ਖੈ | s | ਮੇ | s | ਲ |
| ਨੁ | - | ਪ | ਨੁਨੁ | ਪਮ | ਪ | ਸੰ | - | ਨੁਸੰ | ਰੁੰਸੁੰ | ਨੁਪ | ਮਪੁ |
| ਚੰ | s | ਦ੍ | ਸੂs | ss | ਰ | ਮੋ | s | ਹੇ | s | s | s |
| ਰ | ਮ | ਰ | ਮ | ਪ | ਪ | ਪ | ਪ | ਮ | ਪ | ਪ | ਪ |
| ਉ | ਪ | ਜ | ਤਾ | s | ਬਿ | ਕਾ | s | ਰ | ਦੂੰ | ਦ | ਰ |
| ਮੁਮ | ਮ | ਮ | ਪ | ਪ | ਪ | ਮਰੇ | ਰ | ਰ | ਸ | ਸ | ਸ |
| ਨੁਉ | ਪ | ਗੀ | ਝੁ | ਨੰ | ਤ | ਕਾs | s | ਰ | ਸੁੰ | ਦ | ਰ |
| ਰ | ਮ | ਮ | ਪ | - | ਪ | ਰ | ਮ | ਨੁ | ਪ | ਪ | ਪ |
| ਅ | ਨਿ | ਗ | ਭਾ | s | ਉ | ਕ | ਰ | ਤ | ਫਿ | ਰ | ਤ |
| ਮ | ਪ | ਨ | ਸੰ | - | ਸੰ | ਪਨ | ਸੰਰં | ਨਸੰ | ਰੰਸੰ | ਨੁਪ | ਮਪ |
| ਬਿ | ਨੁ | ਗੋ | ਪਾ | s | ਲ | ਧੋਂs | ss | ਹੇs | ss | ss | ss |

ਅੰਤਰਾ ਪਹਿਲਾ

ਤਾਲ ਧਮਾਰ

| X | | | | | 2 | | 0 | | | 3 | | | |
|---|---|---|---|---|---|---|---|---|---|---|---|---|---|
| ਮ | - | ਪ | ਨੁਨੁ | ਪ | ਨ | ਨ | ਸੰ | ਸੰ | ਨ | ਸੰ | - | - | - |
| ਤੀ | s | ਨ | ਭਉ | ਨੇ | ਲ | ਪ | ਟਾ | ਇ | ਰ | ਹੀ | s | s | s |
| ਰੰ | ਰੰ | ਮੰ | ਰੰ | ਸੰ | ਸੰ | ਰੰ | ਨ | ਸੰ | ਸੰ | ਨੁ | - | ਪ | - |
| ਕਾ | ਚਿ | ਕ | ਰ | ਮਿ | ਨਾ | s | ਜਾ | ਤ | ਸ | ਹੀ | s | s | s |

ਆੜਾ ਚਾਰ ਤਾਲ

| X | | 2 | | 0 | | 3 | | 0 | | 4 | | 0 | |
|---|---|---|---|---|---|---|---|---|---|---|---|---|---|
| ਮੁਮ | ਪ | ਪ | ਨੁ | - | ਪ | ਨ | - | ਸੰ | ਰੰਸੰ | ਨੁ | ਨੁ | ਪ | ਪ |
| ਉਨ | ਮ | ਤ | ਅੰ | s | ਧ | ਧੰ | s | ਧ | ਰs | ਚਿ | ਤ | ਜੈ | ਸੇ |
| [ਮ | ਰ | ਪ | ਮ | ਰ | ਸ | ਰਮ | ਪਨੁ | ਮਪ | ਨਸੰ | ਰੰਸੰ | ਨਸੰ | ਨੁਪ | ਮਪ |
| [ਮ | ਰ | ਪ | ਮ | ਰ | ਸ | ਨੁ | ਪ | ਮ | ਪ | ਨ | ਸੰ | ਰੰ | ਸੰ |
| ਮ | ਤਾ | s | ਸਾ | ਗ | ਰ | ਹੋ | s | s | s | ਹੇ | s | s | s |

ਅੰਤਰਾ ਦੂਜਾ

ਰੂਪਕ

| X | | | 2 | | 3 | | X | | | 2 | | 3 | |
|---|---|---|---|---|---|---|---|---|---|---|---|---|---|
| ਮ | ਪ | - | ਨੁਨੁ | ਪਮ | ਪ | ਪ | ਮਪ | ਨਸੰ | ਨ | ਸੰਰੰ | ਨਸੰ | - | ਸੰ |
| ਉ | ਧ | s | ਰੇs | ss | ਹ | ਰਿ | ਸੰs | ss | ਤ | ਦਾ | ss | s | ਸ |
| [ਮਪ | ਨ | ਸੰ | ਰੰ | - | ਰੰ | - | ਮੰਰੰ | ਮੰ | ਰੰ | ਸੰ | ਰੰ | ਨ | ਸੰ |
| [ਪ | ਰੰ | ਰੰ | ਰੰ | - | ਰੰ | - | ਮੰਰੰ | ਮੰ | ਰੰ | ਸੰ | ਰੰ | ਨ | ਸੰ |
| ਕਾ | s | ਟਿ | ਦੀ | s | ਨੀ | s | ਜs | ਮ | ਕੀ | ਫਾ | s | s | ਸ |

ਤਿਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਪ | ਪ | ਪ | ਨੁ | ਮ | ਪ | ਪ | ਨ | ਸੰ | ਨ | ਸੰ | ਸੰ | ਸੰ | ਸੰ | ਸੰ |
| ਪ | ਤਿ | ਤ | ਪਾ | s | ਵ | ਨ | s | ਨਾ | s | ਮੁ | ਜਾ | s | ਕੋ | s | s |
| ਰੰ | ਰੰ | ਰੰ | ਰੰ | ਰੰ | ਰੰ | ਸੰ | ਸੰ | ਨ | ਸੰ | ਨ | ਸੰ | ਨੁ | - | ਪ | - |
| ਸਿ | ਮ | ਰ | ਨਾ | s | ਨ | ਕ | s | ਓ | s | s | s | ਹੇ | s | s | s |
| ਸੰ | ਸੰ | ਸੰ | ਨੁ | ਪ | ਮ | ਰ | ਰ | ਰ | ਰ | ਰ | ਰ | ਨ਼ | ਨ਼ | ਸ | ਸ |
| ਸਿ | ਮ | ਰ | ਨਾ | s | ਨ | ਕ | s | ਓ | s | s | s | ਹੇ | s | s | s |
| ਰ | ਮ | ਰ | ਮ | ਪ | ਪ | ਪ | ਪ | ਨੁਨੁ | ਪਮ | ਪਨ | ਸੰਨ | ਸੰ | - | - | - |
| ਸਿ | ਮ | ਰ | ਨਾ | s | ਨ | ਕ | s | ਓs | ss | ss | ss | ਹੇ | s | s | s |

ਰਾਗ : ਭੈਰਉ ਥਾਟ : ਭੈਰਉ ਜਾਤੀ : ਸੰਪੂਰਨ

ਸਮਾਂ : ਸਵੇਰ ਦਾ ਸੰਧੀ ਪ੍ਰਕਾਸ਼ ਵਾਦੀ : ਧੈਵਤ ਸੰਵਾਦੀ : ਰਿਸ਼ਭ

ਸੁਰ : ਰਿਸ਼ਭ ਤੇ ਧੈਵਤ ਕੋਮਲ, ਬਾਂਕੀ ਸ਼ੁਧ ਆਰੋਹ : ਸ, ਰੁ, ਗ ਮ ਪ ਧੁ, ਨ ਸ

ਆਵਰੋਹ : ਸ ਨ ਧੁ ਧੁ ਪ, ਗ ਮ ਰੁ ਰ, ਸ ਪਕੜ : ਗ ਮ ਧੁ ਧੁ ਪ, ਗ ਮ ਰੁ ਰੁ, ਸ

ਤਾਲ : ਦਾਦਰਾ

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| ਗ | ਗ | ਮ | ਰੁ | ਸ | ਸ | ਨ਼ | ਸ | ਗਮ | ਪ | ਮ | ਗ |
| ਗੁ | ਰ | ਜੈ | ਸਾ | s | s | ਨਾ | ਹੀ | ਕੋs | ਦੇ | s | ਵ |
| ਗਗ | ਮਮ | ਮਮ | ਧੁ | ਧੁ | ਨ | ਸੰ | ਨ | ਧੁ | ਪ | - | ਪ |
| ਜਿਸ | ਮਸ | ਤਕਿ | ਭਾ | ਗੁ | s | ਸੋ | ਲਾ | ਗਾ | ਸੇ | s | ਵ |
| x | | | 0 | | | x | | | 0 | | |
| ਗ | ਗ | ਮ | ਧੁ | ਧੁ | ਨ | ਸੰ | ਸੰ | ਸੰ | ਰੁੰ | ਰੁੰ | ਸੰ |
| ਸਤਿ | ਗੁ | ਰ | ਮੇ | ਰਾ | s | ਬੇ | ਮੁ | ਹ | ਤਾ | ਜ | s |
| ਨਸੰ | ਗੰ | ਮੰ | ਰੁੰ | ਸੰ | ਸੰ | ਸੰ | ਸੰ | ਨਸੰ | ਧੁ | ਧੁ | ਪ |
| ਸਤਿ | ਗੁ | ਰ | ਮੇ | ਰੇ | s | ਸ | ਚਾ | ss | ਸਾ | s | ਜ |
| ਸੰਨ | ਧੁ | ਧੁ | ਪ | ਪ | - | ਗਗ | ਗ | ਮ | ਰੁ | ਸ | - |
| ਸਤਿ | ਗੁ | ਰ | ਮੇ | ਰਾ | s | ਸਬ | ਸ | ਕਾ | ਦਾ | ਤਾ | s |
| ਗਗ | ਮ | ਮ | ਧੁ | ਨ | ਸੰ | ਸੰਨ | ਧੁ | ਪ | ਗਮ | ਰੁ | ਸ |
| ਸਤਿ | ਗੁ | ਰ | ਮੇ | ਰਾ | s | ਪੁਰ | ਖ | ਬਿ | ਧਾs | ਤਾ | s |

## ਕੀਰਤਨ ਕਲਾਸਾਂ

ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ। ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ।

● ਗੁਰਦੁਆਰਾ ਸਾਹਿਬ, ਸੈਕਟਰ 34, ਚੰਡੀਗੜ੍ਹ ● ਗੁਰੂ ਨਾਨਕ ਬਾਲ ਆਸ਼ਰਮ, ਨੇੜੇ ਰਾਮਗੜ੍ਹੀਆ ਭਵਨ, ਸੈਕਟਰ 27, ਚੰਡੀਗੜ੍ਹ ● ਉਜਲ ਸਿੰਘ ਮਦਾਨ, 1470, ਸੈਕਟਰ 43-ਬੀ, ਚੰਡੀਗੜ੍ਹ

● ਗੁਰਦੁਆਰਾ ਸਾਚਾ ਧੰਨ, ਫੇਜ਼ 3-ਬੀ-1, ਮੁਹਾਲੀ ● ਗਿ : ਕਸ਼ਮੀਰ ਸਿੰਘ , 1612, ਫੇਜ਼-7, ਮੁਹਾਲੀ

● ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ ● ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ, ਲੁਧਿਆਣਾ ● ਸੰਗੀਤ ਭਾਰਤੀ, 99 ਬੀ, ਸ਼ਾਸਤਰੀ ਨਗਰ, ਲੁਧਿਆਣਾ

● ਗੁਰਦੁਆਰਾ ਦਸ਼ਮੇਸ਼ਗੜ੍ਹ ਵੀਰੋਵਾਲ, ਜ਼ਿਲ੍ਹਾ : ਨਵਾਂ ਸ਼ਹਿਰ ● ਨੀਲਮ ਸੰਗੀਤ ਮੰਦਰ, ਪੰਡੋਰਾ ਮੁਹੱਲਾ, ਨਵਾਂ ਸ਼ਹਿਰ

● ਪੰਜਾਬ ਐਂਡ ਸਿੰਧ ਬੈਂਕ ਕੀਰਤਨ ਅਕੈਡਮੀ, ਗਰੀਨ ਪਾਰਕ, ਜਲੰਧਰ ● ਬਾਵਰਾ ਮਿਊਜ਼ਿਕ ਕਾਲਜ, 20, ਗੁਰੂ ਨਾਨਕ ਨਗਰ (ਮਾਡਲ ਟਾਊਨ), ਜਲੰਧਰ ● ਫਾਈਵ ਸਟਾਰ ਸੰਗੀਤ ਸਭਾ, 276-ਆਰ, ਮਾਡਲ ਟਾਊਨ, ਜਲੰਧਰ

● ਸਿੱਖ ਮਿਸ਼ਨਰੀ ਕਾਲਜ (ਰਜਿ:) ਡਬਲਯੂ. ਜੀ. 578, ਸੂਰਜ ਗੰਜ, ਜਲੰਧਰ

● ਭਾਈ ਵੀਰ ਸਿੰਘ ਹਾਲ, ਲਾਰੰਸ ਰੋਡ, ਅੰਮ੍ਰਿਤਸਰ ● ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ 232, ਈਸਟ ਮੋਹਨ ਨਗਰ, ਅੰਮ੍ਰਿਤਸਰ

● ਸਚਦੇਵਾ ਸੰਗੀਤ ਅਕੈਡਮੀ ਗੁਰਦੁਆਰਾ ਰੋਡ, ਮਲੋਟ ● ਮਸਤਾਨਾ ਮਿਊਜ਼ਿਕ ਅਕੈਡਮੀ, ਮਲੋਟ

● ਜੀ. ਐਸ. ਸਰਦਾਰ, 1-98, ਰਾਜਿੰਦਰ ਨਗਰ, ਨਵੀਂ ਦਿੱਲੀ ● ਗੁਰਮਤ ਵਿਦਿਆਲਾ ਗੁ: ਰਕਾਬ ਗੰਜ, ਨਵੀਂ ਦਿੱਲੀ ● ਗੁਰਬਾਣੀ ਸੰਗੀਤ ਅਕੈਡਮੀ, 69/2, ਪੁਡਾਪੁਕਰ ਰੋਡ, ਕਲੱਕਤਾ

| | |
|---|---|
| ਸੰਮਤ ਬਿਕ੍ਰਮੀ | 2055 |
| ਸੰਮਤ ਨਾਨਕਸ਼ਾਹੀ | 530 |
| ਸੰਮਤ ਖ਼ਾਲਸਾ | 300 |
| ਸੰਮਤ ਸ਼ਾਕਾ | 1920 |

| | |
|---|---|
| ਸੰਗਰਾਂਦ | 15 ਦਸੰਬਰ |
| ਪੂਰਨਮਾਸ਼ੀ | 3 ਦਸੰਬਰ |
| ਮੱਸਿਆ | 18 ਦਸੰਬਰ |
| ਪੰਚਮੀ | 23 ਦਸੰਬਰ |

# ਦਸੰਬਰ 1998 December

### ਗੁਰਪੁਰਬ

| | |
|---|---|
| ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ) | 22 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹਿੰਦ) | 27 ਦਸੰਬਰ |

### ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਕ੍ਰਿਸਮਿਸ ਡੇ | 25 ਦਸੰਬਰ |

| | | | | | |
|---|---|---|---|---|---|
| ਐਤ Sun | | **6** 21 ਮਘਰ ਪੋਹ ਵਦੀ 3 | **13** 28 ਮਘਰ ਪੋਹ ਵਦੀ 10 | **20** 6 ਪੋਹ ਪੋਹ ਸੁਦੀ 2 | **27** 13 ਪੋਹ ਪੋਹ ਸੁਦੀ 9 |
| ਸੋਮ Mon | | **7** 22 ਮਘਰ ਪੋਹ ਵਦੀ 4 | **14** 29 ਮਘਰ ਪੋਹ ਵਦੀ 11 | **21** 7 ਪੋਹ ਪੋਹ ਸੁਦੀ 3 | **28** 14 ਪੋਹ ਪੋਹ ਸੁਦੀ 10 |
| ਮੰਗਲ Tue | **1** 16 ਮਘਰ ਮਘਰ ਸੁਦੀ 12-13 | **8** 23 ਮਘਰ ਪੋਹ ਵਦੀ 5 | **15** 1 ਪੋਹ ਪੋਹ ਵਦੀ 12 | **22** 8 ਪੋਹ ਪੋਹ ਸੁਦੀ 4 | **29** 15 ਪੋਹ ਪੋਹ ਸੁਦੀ 11 |
| ਬੁੱਧ Wed | **2** 17 ਮਘਰ ਮਘਰ ਸੁਦੀ 14 | **9** 24 ਮਘਰ ਪੋਹ ਵਦੀ 6 | **16** 2 ਪੋਹ ਪੋਹ ਵਦੀ 13 | **23** 9 ਪੋਹ ਪੋਹ ਸੁਦੀ 5 | **30** 16 ਪੋਹ ਪੋਹ ਸੁਦੀ 12 |
| ਵੀਰ Thu | **3** 18 ਮਘਰ ਪੂਰਨਮਾਸ਼ੀ | **10** 25 ਮਘਰ ਪੋਹ ਵਦੀ 7 | **17** 3 ਪੋਹ ਪੋਹ ਵਦੀ 14 | **24** 10 ਪੋਹ ਪੋਹ ਸੁਦੀ 6 | **31** 17 ਪੋਹ ਪੋਹ ਸੁਦੀ 13 |
| ਸ਼ੁਕਰ Fri | **4** 19 ਮਘਰ ਪੋਹ ਵਦੀ 1 | **11** 26 ਮਘਰ ਪੋਹ ਵਦੀ 8 | **18** 4 ਪੋਹ ਮੱਸਿਆ | **25** 11 ਪੋਹ ਪੋਹ ਸੁਦੀ 7 | |
| ਸ਼ਨੀ Sat | **5** 20 ਮਘਰ ਪੋਹ ਵਦੀ 2 | **12** 27 ਮਘਰ ਪੋਹ ਵਦੀ 9 | **19** 5 ਪੋਹ ਪੋਹ ਸੁਦੀ 1 | **26** 12 ਪੋਹ ਪੋਹ ਸੁਦੀ 8 | |

**ਪੋਖਿ ਤੁਖਾਰੁ ਪੜੈ, ਵਣੁ ਤ੍ਰਿਣੁ ਰਸੁ ਸੋਖੈ ॥ ਆਵਤ ਕੀ ਨਾਹੀ, ਮਨਿ ਤਨਿ ਵਸਹਿ ਮੁਖੇ॥ ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥ ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥ ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥ ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥੧੪॥**

ਅਰਥ :- ਪੋਹ (ਦੇ ਮਹੀਨੇ) ਵਿਚ ਕੱਕਰ ਪੈਂਦਾ ਹੈ, ਉਹ ਵਣ, ਨੂੰ ਘਾਹ ਨੂੰ, (ਹਰੇਕ ਘਾਹ ਬੂਟ ਦੇ) ਰਸ ਨੂੰ ਸੁਕਾ ਦੇਂਦਾ ਹੈ (ਪ੍ਰਭੂ ਦੀ ਯਾਦ ਭੁਲਾਇਆਂ ਜਿਸ ਮਨੁੱਖ ਦੇ ਅੰਦਰ ਕੋਰਾਪਨ ਜ਼ੋਰ ਪਾਂਦਾ ਹੈ, ਉਹ ਉਸ ਦੇ ਜੀਵਨ ਵਿਚੋਂ ਪ੍ਰੇਮ-ਰਸ ਸੁਕਾ ਦੇਂਦਾ ਹੈ)। ਹੇ ਪ੍ਰਭੂ ! ਤੂੰ ਆ ਕੇ ਮੇਰੇ ਮਨ ਵਿੱਚ ਮੇਰੇ ਤਨ ਵਿਚ ਮੇਰੇ ਮੂੰਹ ਵਿਚ ਕਿਉਂ ਨਹੀਂ ਵੱਸਦਾ ? (ਤਾਂ ਕਿ ਮੇਰਾ ਜੀਵਨ ਰੁੱਖਾ ਨ ਹੋ ਜਾਏ)।

ਜਿਸ ਜੀਵ ਦੇ ਮਨ ਵਿਚ ਸਾਰੇ ਜਗਤ ਦਾ ਆਸਰਾ, ਪ੍ਰਭੂ, ਆ ਵਸਦਾ ਹੈ, ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੇ ਮਿਲਾਪ ਦਾ ਆਨੰਦ ਮਾਣਦਾ ਹੈ। ਉਸ ਨੂੰ ਚੌਹਾਂ ਖਾਣੀਆਂ ਦੇ ਜੀਵਾਂ ਵਿਚ ਹਰੇਕ ਘਟ ਵਿਚ ਪ੍ਰਭੂ ਦੀ ਹੀ ਜੋਤਿ ਸਮਾਈ ਦਿੱਸਦੀ ਹੈ

ਹੇ ਦਿਆਲ ਦਾਤਾਰ ! ਮੈਨੂੰ ਆਪਣਾ ਦਰਸਨ ਦੇਹ, ਮੈਨੂੰ (ਚੰਗੀ) ਅਕਲ ਦੇਹ, (ਜਿਸ ਕਰਕੇ) ਮੈਂ ਉੱਚੀ ਆਤਮਕ ਅਵਸਥਾ ਹਾਸਲ ਕਰ ਸਕਾਂ (ਤੇ ਤੈਨੂੰ ਹਰ ਥਾਂ ਵੇਖ ਸਕਾਂ)

ਹੇ ਨਾਨਕ ! ਜਿਸ ਮਨੁੱਖ ਦੀ ਪ੍ਰੀਤ, ਜਿਸ ਦਾ ਪਿਆਰ ਪਰਮਾਤਮਾ ਨਾਲ ਬਣ ਜਾਂਦਾ ਹੈ, ਉਹ ਪ੍ਰੇਮੀ ਪ੍ਰਭੂ ਦੇ ਪਿਆਰ ਵਿਚ (ਜੁੜ ਕੇ) ਉਸ ਦੇ ਗੁਣ ਆਨੰਦ ਨਾਲ ਯਾਦ ਕਰਦਾ ਹੈ। ੧੪।

ਭਾਵ :- ਪਰਮਾਤਮਾ ਦੀ ਯਾਦ ਭੁਲਾਇਆਂ ਮਨੁੱਖ ਦੇ ਅੰਦਰ ਕੋਰਾ-ਪਨ ਜ਼ੋਰ ਪਾ ਲੈਂਦਾ ਹੈ, ਉਹ ਕੋਰਾ-ਪਨ ਉਸ ਦੇ ਜੀਵਨ ਵਿਚੋਂ ਪ੍ਰੇਮ-ਰਸ ਸੁਕਾ ਦੇਂਦਾ ਹੈ। ਪਰਮਾਤਮਾ ਦੀ ਸਿਫਤਿ-ਸਾਲਾਹ ਹੀ ਮਨੁੱਖ ਦੇ ਅੰਦਰ ਉੱਚੀ ਆਤਮਕ ਅਵਸਥਾ ਪੈਦਾ ਕਰਦੀ ਹੈ ਤੇ ਕਾਇਮ ਰੱਖਦੀ ਹੈ।

Registration No. Chandigarh Div./52/98 RNI Regd. No. 46788/89 ISSN-002045

*With best complments from :*

TIPSON

# TIPSON CYCLES (P) LTD.

*Manufacturers & Exporters*
*C-11, Focal Point, Ludhiana - 141 010 (INIDA)*